DHINDSA TRAVEL
ਬਾਜ਼ਾਰ ਨਾਲੋਂ ਸਸਤੀਆਂ ਟਿਕਟਾਂ ਦੀ ਗਰੰਟੀ
Email:dhindsatravelltd@yahoo.com
Web:www.dhindsatravels.com
3 Locations Serve You
Payal Bussiness Centre #151-8120-128St, Surrey 604-599-5599
Abbotsford #104-32059 Hillcrest Ave 604-746-2727
DUKH NIVARAN SAHIB PLAZA #111-15299 68Ave 604-744-4445

+91 77175-02848 +91 98146-12006 +91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576 +1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 31 Ending Date: Aug 01, 2025

EXPERIOR FINANCIAL GROUP INC
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
ਲਖਜੀਤ ਸਿੰਘ ਸਾਰੰਗ LAKHJIT SARANG
604-613-9100

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

# ਸੰਯੁਕਤ ਰਾਸ਼ਟਰ ਵਿੱਚ ਅੰਤਰਰਾਸ਼ਟਰੀ ਵਿਵਾਦਾਂ ਨੂੰ ਹੱਲ ਕਰਨ ਲਈ ਮਤਾ ਮਨਜ਼ੂਰ

## ਪਾਕਿ ਨੇ ਕਸ਼ਮੀਰ ਅਤੇ ਗਾਜ਼ਾ ਦਾ ਮੁੱਦਾ ਹੱਲ ਕਰਨ ਲਈ ਲਾਈ ਗੁਹਾਰ

ਨਿਊਯਾਰਕ:ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਮੰਗਲਵਾਰ ਨੂੰ ਪਾਕਿਸਤਾਨ ਵੱਲੋਂ ਪੇਸ਼ ਕੀਤੇ ਗਏ ਇੱਕ ਮਤੇ ਨੂੰ ਮਨਜ਼ੂਰੀ ਦੇ ਦਿੱਤੀ ਜਿਸ ਵਿੱਚ ਸਾਰੇ ਮੈਂਬਰ ਦੇਸ਼ਾਂ ਨੂੰ ਅੰਤਰਰਾਸ਼ਟਰੀ ਵਿਵਾਦਾਂ ਨੂੰ ਸ਼ਾਂਤੀਪੂਰਨ ਤਰੀਕਿਆਂ ਨਾਲ ਹੱਲ ਕਰਨ ਦੀ ਅਪੀਲ ਕੀਤੀ ਗਈ।ਇਸ ਸੈਸ਼ਨ ਦੀ ਪ੍ਰਧਾਨਗੀ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਕੀਤੀ, ਜਿਨ੍ਹਾਂ ਨੇ ਨਿਊਯਾਰਕ ਵਿੱਚ ਹੋਈ ਉੱਚ ਪੱਧਰੀ ਬਹਿਸ ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ।ਕੌਂਸਲ ਨੂੰ ਸੰਬੋਧਨ ਕਰਦੇ ਹੋਏ, ਇਸਹਾਕ ਡਾਰ ਨੇ ਸੰਯੁਕਤ ਰਾਸ਼ਟਰ ਚਾਰਟਰ ਅਤੇ ਪ੍ਰਭੂਸੱਤਾ, ਗੈਰ-ਦਖਲਅੰਦਾਜ਼ੀ ਅਤੇ ਵਿਵਾਦਾਂ ਦੇ ਸ਼ਾਂਤੀਪੂਰਨ ਹੱਲ ਦੇ ਇਸਦੇ ਸਿਧਾਂਤਾਂ ਪ੍ਰਤੀ ਪਾਕਿਸਤਾਨ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।"

ਉਨ੍ਹਾਂ ਕਿਹਾ ਕਿ ਕਸ਼ਮੀਰ ਅਤੇ ਫਲਸਤੀਨ ਵਰਗੇ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦਾਂ ਦਾ ਹੱਲ ਨਾ ਹੋਣ ਨਾਲ ਲਗਾਤਾਰ ਤਣਾਅ ਦਾ ਮਾਹੌਲ ਪੈਦਾ ਹੋਇਆ ਹੈ।ਉਨ੍ਹਾਂ ਟਿੱਪਣੀ ਕੀਤੀ, "ਇਹ ਅਣਸੁਲਝੇ ਵਿਵਾਦ ਦੋਹਰੇ ਮਾਪਦੰਡਾਂ ਨੂੰ ਪ੍ਰਗਟ ਕਰਦੇ ਹਨ ਜੋ ਅੰਤਰਰਾਸ਼ਟਰੀਵਾਦ ਨੂੰ ਕਮਜ਼ੋਰ ਕਰਦੇ ਰਹਿੰਦੇ ਹਨ।ਆਪਣੀਆਂ ਟਿੱਪਣੀਆਂ ਵਿੱਚ, ਡਾਰ ਨੇ ਗਾਜ਼ਾ ਦੀ ਸਥਿਤੀ 'ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਲਗਾਤਾਰ ਹਿੰਸਾ ਅਤੇ ਨਾਕਾਬੰਦੀ ਕਾਰਨ 58,000 ਤੋਂ ਵੱਧ ਲੋਕ ਸ਼ਹੀਦ ਹੋ ਗਏ ਹਨ।ਗਾਜ਼ਾ ਦੇ ਪੀੜਤ ਭੁੱਖਮਰੀ ਅਤੇ ਗਰੀਬੀ ਨਾਲ ਜੂਝ ਰਹੇ ਹਨ, ਉਨ੍ਹਾਂ ਕਿਹਾ ਤੁਰੰਤ ਅੰਤਰਰਾਸ਼ਟਰੀ ਧਿਆਨ ਦੀ ਮੰਗ ਕੀਤੀ।ਡਾਰ ਨੇ ਸੁਰੱਖਿਆ ਪ੍ਰੀਸ਼ਦ ਦੇ ਏਜੰਡੇ 'ਤੇ ਕਸ਼ਮੀਰ ਵਿਵਾਦ ਨੂੰ "ਲੰਬੇ ਸਮੇਂ ਤੋਂ ਅਣਸੁਲਝੇ ਮੁੱਦੇ" ਵਜੋਂ ਵੀ ਦਰਸਾਇਆ।ਉਨ੍ਹਾਂ ਨੇ ਪਾਣੀ ਨੂੰ ਜ਼ਬਰਦਸਤੀ ਦੇ ਸਾਧਨ ਵਜੋਂ ਵਰਤਣ ਸੰਬੰਧੀ ਭਾਰਤ ਦੀਆਂ ਕਾਰਵਾਈਆਂ ਦੀ ਆਲੋਚਨਾ ਕੀਤੀ।ਭਾਰਤ ਨੇ ਪਾਣੀ ਨੂੰ ਪਾਕਿਸਤਾਨ ਵਿਰੁੱਧ ਹਥਿਆਰ ਵਜੋਂ ਵਰਤਿਆ ਹੈ, ਡਾਰ ਨੇ ਇਹ ਵੀ ਕਿਹਾ ਕਿ ਪਾਣੀ 240 ਮਿਲੀਅਨ ਪਾਕਿਸਤਾਨੀਆਂ ਲਈ ਜੀਵਨ ਰੇਖਾ ਹੈ ਅਤੇ ਇਸਦਾ ਕਦੇ ਵੀ ਰਾਜਨੀਤੀਕਰਨ ਨਹੀਂ ਕੀਤਾ ਜਾਣਾ ਚਾਹੀਦਾ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਨੇ ਮਤੇ ਦੀ ਅਗਵਾਈ ਕਰਨ ਵਿੱਚ ਪਾਕਿਸਤਾਨ ਦੇ ਯਤਨਾਂ ਦੀ ਸ਼ਲਾਘਾ ਕੀਤੀ (ਬਾਕੀ ਸਫਾ ਬੀ-4 ਤੇ)

# ਬਿਹਾਰ ਵਿੱਚ ਵੋਟਰ ਸੂਚੀ ਵਿਵਾਦ:9 ਮਿੱਥਾਂ ਅਤੇ ਇੱਕ ਸੱਚਾਈ

## ਕੀ 71% ਦਲਿਤ ਆਪਣੇ ਵੋਟ ਅਧਿਕਾਰ ਤੋਂ ਵਾਂਝੇ ਹੋ ਜਾਣਗੇ?

ਬਿਹਾਰ ਦੀ ਕੁੱਲ ਆਬਾਦੀ ਲਗਭਗ 13 ਕਰੋੜ ਹੈ।ਇਨ੍ਹਾਂ ਵਿੱਚੋਂ ਲਗਭਗ 8 ਕਰੋੜ ਬਾਲਗ ਹਨ ਜਿਨ੍ਹਾਂ ਦੇ ਨਾਮ ਵੋਟਰ ਸੂਚੀ ਵਿੱਚ ਹੋਣੇ ਚਾਹੀਦੇ ਹਨ।ਇਨ੍ਹਾਂ ਵਿੱਚੋਂ ਲਗਭਗ 3 ਕਰੋੜ ਲੋਕਾਂ ਦੇ ਨਾਮ 2003 ਦੀ ਵੋਟਰ ਸੂਚੀ ਵਿੱਚ ਸਨ।ਬਾਕੀ 5 ਕਰੋੜ ਲੋਕਾਂ ਨੂੰ ਆਪਣੀ ਨਾਗਰਿਕਤਾ ਦਾ ਸਬੂਤ ਦੇਣਾ ਪਵੇਗਾ।ਇਨ੍ਹਾਂ ਵਿੱਚੋਂ ਅੱਧੇ, ਯਾਨੀ 2.5 ਕਰੋੜ ਲੋਕਾਂ ਕੋਲ ਉਹ ਸਰਟੀਫਿਕੇਟ ਨਹੀਂ ਹੋਣਗੇ ਜੋ ਚੋਣ ਕਮਿਸ਼ਨ ਮੰਗ ਰਿਹਾ ਹੈ।ਦੇਸ਼ ਦੇ ਪ੍ਰਮੁੱਖ ਦਲਿਤ ਸੰਗਠਨਾਂ ਦੇ ਸੰਗਠਨ, ਨੈਸ਼ਨਲ ਕਨਫੈਡਰੇਸ਼ਨ ਆਫ਼ ਦਲਿਤ ਐਂਡ ਆਦਿਵਾਸੀ ਸੰਗਠਨ ਦੁਆਰਾ ਕੀਤੇ ਗਏ ਇੱਕ ਸਰਵੇਖਣ ਵਿੱਚ ਖੁਲਾਸਾ ਹੋਇਆ ਹੈ ਕਿ ਬਿਹਾਰ ਦੇ 71% ਤੋਂ ਵੱਧ ਦਲਿਤ ਵੋਟਰ ਆਪਣੀਆਂ ਵੋਟਾਂ ਗੁਆਉਣ ਦਾ ਡਰ ਰੱਖਦੇ ਹਨ।

**ਪਹਿਲੀ ਗਲਤ ਧਾਰਨਾ: ਕੀ ਚੋਣ ਕਮਿਸ਼ਨ ਬਿਹਾਰ ਦੀ ਵੋਟਰ ਸੂਚੀ ਦੀ ਡੂੰਘੀ ਜਾਂਚ ਅਤੇ ਸੋਧ ਕਰ ਰਿਹਾ ਹੈ?**

**ਤੱਥ:** ਨਹੀਂ।ਬਿਹਾਰ ਵਿੱਚ ਮੌਜੂਦਾ ਵੋਟਰ ਸੂਚੀ ਵਿੱਚ ਸੋਧ ਨਹੀਂ ਕੀਤੀ ਜਾਵੇਗੀ।ਪੁਰਾਣੀ ਵੋਟਰ ਸੂਚੀ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਇੱਕ ਨਵੀਂ ਵੋਟਰ ਸੂਚੀ ਤਿਆਰ ਕੀਤੀ ਜਾਵੇਗੀ।ਜਿਸ ਵਿੱਚ ਭਾਜਪਾ ਵਿਰੋਧੀਆਂ ਦੀਆਂ ਵੋਟਾਂ ਕੱਟ ਦਿੱਤੀਆਂ ਜਾਣਗੀਆਂ।ਦਲਿਤ ਅਤੇ ਮੁਸਲਮਾਨ ਨੂੰ ਆਪਣਾ (ਬਾਕੀ ਸਫਾ ਬੀ-11 ਤੇ)



ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ • ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸ ਪੀ, ਆਰ ਆਰ ਐਸ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੀਵਿਜ਼ਨ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਐਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਓ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖ਼ਾਹ $15-$30 ਪ੍ਰਤੀ ਘੰਟਾ 6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।ਆਪਣੀ ਯਾਤਰਾ ਦੇ ਹਰ ਪਲ ਨੂੰ ਕਿਫ਼ਾਇਤ ਬਣਾਉ।
Rani Sidhu
Rani Sidhu:604-504-3400
Aman:604-800-3003
Email:sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500 604-592-2676
Unit 109, 12830-80 Ave York Centre Surrey

J&J FRESH LOOK HOMES LTD..
Pacific HOME WARRANTY
ਫਰੇਮਿੰਗ ਦੇ ਕਈ ਸਾਲਾਂ ਦੇ ਤਰਜਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਸੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ
» ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars
• Auto Glass Replacement • Free Estimates Fax:604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305



FARM AND SPICE
FARM AND SPICE
Weekly Special
July 25 – 31
Designer Rakhi Available at all Three Locations
Senior Citizen Discount 5% Off Every Thursday Except on Dairy Products
ਅਦਰਕ Ginger per lb $1.29
ਜ਼ੁਕੀਨੀ Zucchini Per lb $1.49
ਸੰਤਰੇ Mandarins Per lb $1.49
ਰੁਸੈਟ ਆਲੂ Russet Potatoes 10 Lbs each $3.99
ਵਡੀ ਗਾਜਰ Jumbo Carrot Per lb $0.69
ਦੇਸੀ ਟੀਂਡਾ Desi Tinda Per lb $0.99
ਫੁਲ ਗੋਭੀ Cauliflower each $1.99
ਲਸਨ Garlic 1 Kg each $2.99
ਕੈਨਟੀਨ ਕੁਕੀਜ਼ Canteen Assorted Cookies 2.2 Lbs $6.49
ਅੰਬੇ ਮਿਠਾਈਆਂ Ambay Assorted Sweets 1 Kg $3.99
ਸ਼ੇਰ ਬਾਸਮਤੀ Sher Extra Long Basmati Rice 10 Lbs $11.99
ਮੈਮਪਸਟਰ ਗੋਲਗਪੇ Mampster Golgappa 290 gms $8.99
ਅੰਬੇ ਕੋਮਬੋ ਕੁਕੀਜ਼ ਪੈਕ Ambay Combo Pack Cookies 1.05 Kg $6.99
ਮਾ ਅੰਬ ਜੂਸ Maa Mango Juice 1.2 Ltr each $1.99
ਰੂਹਅਫਜ਼ਾ ਭਾਰਤੀ Roohafza India 750 ml $3.49
ਟਾਟਾ ਅਗਨੀ ਚਾਹ Tata Agni Tea 1Kg each $6.99
*while supply last
Open 7 Days a Week 8:30 am to 9:00 pm
farmandspice.com
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

# ਬਿਹਾਰ ਵੋਟਰ ਸੂਚੀ ਸੋਧ:ਬਿਹਾਰ ਸਿਰਫ਼ ਪਹਿਲੀ ਪ੍ਰਯੋਗਸ਼ਾਲਾ ਹੈ ਇਸ ਤੋਂ ਬਾਅਦ ਹਰ ਸੂਬੇ ਦੀ ਵਾਰੀ ਆਏਗੀ

ਬਿਹਾਰ ਵਿੱਚ ਜੋ ਹੋ ਰਿਹਾ ਹੈ ਉਹ ਅੱਜ ਤੱਕ ਭਾਰਤੀ ਲੋਕਤੰਤਰ ਵਿੱਚ ਕਦੇ ਨਹੀਂ ਹੋਇਆ। ਭਾਵੇਂ ਤੁਸੀਂ ਪਿਛਲੇ ਵੀਹ ਸਾਲਾਂ ਵਿੱਚ ਦਰਜਨਾਂ ਚੋਣਾਂ ਵਿੱਚ ਵੋਟ ਪਾਈ ਹੈ, ਹੁਣ ਤੁਹਾਨੂੰ ਨਵੇਂ ਸਿਰੇ ਤੋਂ ਸਾਬਤ ਕਰਨਾ ਪਵੇਗਾ ਕਿ ਤੁਸੀਂ ਭਾਰਤ ਦੇ ਨਾਗਰਿਕ ਹੋ। ਤੁਹਾਡੀ ਨਾਗਰਿਕਤਾ ਦਾ ਫੈਸਲਾ ਇੱਕ ਗੁਮਨਾਮ ਸਰਕਾਰੀ ਕਰਮਚਾਰੀ ਦੁਆਰਾ, ਇੱਕ ਤਸਦੀਕ ਪ੍ਰਕਿਰਿਆ ਰਾਹੀਂ ਕੀਤਾ ਜਾਵੇਗਾ, ਜਿਸ ਬਾਰੇ ਕੋਈ ਕੁਝ ਨਹੀਂ ਜਾਣਦਾ। ਇਹ ਸਿਰਫ ਉਹ ਪ੍ਰਕ੍ਰਿਆ ਹੈ ਜਿਸ ਰਾਹੀਂ ਭਾਜਪਾ ਵਿਰੋਧੀਆਂ ਦੀਆਂ ਵੋਟਾਂ ਕੱਟ ਦਿੱਤੀਆਂ ਜਾਂਣਗੀਆ। ਭਾਜਪਾ ਇਸ ਰਾਜ ਤੇ ਕਬਜ਼ਾਂ ਕਰਨ ਲਈ ਅਜਿਹੇ ਹੱਥ ਕੰਡੇ ਵਰਤ ਰਹੀ ਹੈ।

ਅਸਲ ਸਵਾਲ ਇਹ ਹੈ ਕਿ ਕੀ ਜਿਹੜੇ ਲੋਕ ਦਸਤਾਵੇਜ਼ ਪ੍ਰਦਾਨ ਨਹੀਂ ਕਰ ਸਕਦੇ, ਉਨ੍ਹਾਂ ਨੂੰ ਵੋਟਰ ਸੂਚੀ ਵਿੱਚੋਂ ਹਟਾ ਦਿੱਤਾ ਜਾਵੇਗਾ? ਜੇਕਰ ਅਜਿਹਾ ਹੁੰਦਾ ਹੈ, ਤਾਂ ਇੱਕ ਕਰੋੜ ਤੋਂ ਵੱਧ ਲੋਕਾਂ ਨੂੰ ਹਟਾ ਦਿੱਤਾ ਜਾਵੇਗਾ। ਕੀ ਸੁਪਰੀਮ ਕੋਰਟ ਜਾ ਹੋਰ ਲੋਕ ਤੰਤਰੀ ਸੰਸਥਾਵਾਂ ਚੋਣ ਕਮਿਸ਼ਨ ਨੂੰ ਆਪਣਾ ਮਨਮਾਨੀ ਫ਼ਰਮਾਨ ਬਦਲਣ ਲਈ ਮਜਬੂਰ ਕਰੇਗੀ? ਕਿਉਂਕਿ ਇਹ ਸਿਰਫ਼ ਬਿਹਾਰ ਦਾ ਮਾਮਲਾ ਨਹੀਂ ਹੈ। ਬਿਹਾਰ ਸਿਰਫ਼ ਪਹਿਲੀ ਪ੍ਰਯੋਗਸ਼ਾਲਾ ਹੈ। ਤੁਹਾਡੀ ਵਾਰੀ ਵੀ ਆਉਣ ਵਾਲੀ ਹੈ। ਅਗਲੇ ਇੱਕ ਸਾਲ ਵਿੱਚ ਪੂਰੇ ਦੇਸ਼ ਵਿੱਚ ਵੋਟਰ ਸੂਚੀ ਦੀ 'ਗੰਭੀਰ ਸੋਧ' ਹੋਣ ਜਾ ਰਹੀ ਹੈ। ਸੋਧ ਸਿਰਫ਼ ਇੱਕ ਨਾਮ ਹੈ, ਅਸਲ ਵਿੱਚ ਇਹ ਇੱਕ ਖਾਲੀ ਕਾਗਜ਼ 'ਤੇ ਨਵੀਂ ਵੋਟਰ ਸੂਚੀ ਬਣਾਉਣ ਦੀ ਪ੍ਰਕਿਰਿਆ ਹੈ। ਸਿਰਫ ਭਾਜਪਾ ਪੱਖੀ ਵੋਟਰ ਲਿਸਟ ਦਾ ਹਿੱਸਾ ਹੋਣਗੇ।

ਇਹ ਸਿਰਫ਼ ਇੱਕ ਬਹਾਨਾ ਹੈ ਕਿ ਅਜਿਹੀ ਸੋਧ ਪਹਿਲਾਂ ਵੀ ਹੁੰਦੀ ਰਹੀ ਹੈ। ਬਿਹਾਰ ਵਿੱਚ ਜੋ ਹੋ ਰਿਹਾ ਹੈ ਉਹ ਅੱਜ ਤੱਕ ਭਾਰਤੀ ਲੋਕਤੰਤਰ ਵਿੱਚ ਕਦੇ ਨਹੀਂ ਹੋਇਆ। ਇੱਕ ਗੁੰਮਨਾਮ ਅਧਿਕਾਰੀ ਤਹਿ ਕਰੇਗਾ ਕਿ ਤੁਸੀਂ ਵੋਟਰ ਹੋ ਕਿ ਨਹੀਂ।

ਚੋਣ ਕਮਿਸ਼ਨ ਵੱਲੋਂ 24 ਜੂਨ ਨੂੰ ਜਾਰੀ ਕੀਤੇ ਗਏ ਹੁਕਮ ਅਨੁਸਾਰ, ਬੀ.ਐਲ.ਓ. ਬਿਹਾਰ ਦੀ ਮੌਜੂਦਾ ਵੋਟਰ ਸੂਚੀ ਵਿੱਚ ਸ਼ਾਮਲ ਸਾਰੇ 7.9 ਕਰੋੜ ਲੋਕਾਂ ਦੇ ਘਰਾਂ ਦਾ ਦੌਰਾ ਕਰਨਗੇ ਅਤੇ ਉਨ੍ਹਾਂ ਨੂੰ ਕਮਿਸ਼ਨ ਵੱਲੋਂ ਤਿਆਰ ਕੀਤੇ ਗਏ ਇੱਕ ਵਿਸ਼ੇਸ਼ ਫਾਰਮ ਦੀਆਂ ਦੋ ਕਾਪੀਆਂ ਦੇਣਗੇ। ਇਸ ਫਾਰਮ ਵਿੱਚ ਪਹਿਲਾਂ ਹੀ ਮੌਜੂਦਾ ਵੋਟਰ ਸੂਚੀ ਵਿੱਚ ਵਿਅਕਤੀ ਦਾ ਨਾਮ ਅਤੇ ਉਸਦੀ ਫੋਟੋ ਛਪੀ ਹੋਵੇਗੀ। ਫਾਰਮ ਪ੍ਰਾਪਤ ਕਰਨ ਤੋਂ ਬਾਅਦ, ਹਰੇਕ ਵਿਅਕਤੀ ਨੂੰ ਇਸਨੂੰ ਭਰਨਾ ਹੋਵੇਗਾ, ਇਸ ਵਿੱਚ ਆਪਣੀ ਨਵੀਂ ਫੋਟੋ ਚਿਪਕਾਉਣੀ ਹੋਵੇਗੀ ਅਤੇ ਆਪਣੇ ਦਸਤਖਤ ਨਾਲ ਜਮ੍ਹਾਂ ਕਰਵਾਉਣੀ ਹੋਵੇਗੀ। ਅਤੇ ਇਸ ਦੇ ਨਾਲ ਕੁਝ ਦਸਤਾਵੇਜ਼ ਨੱਥੀ ਕਰਨੇ ਪੈਣਗੇ। ਜਿਨ੍ਹਾਂ ਦਾ ਨਾਮ 2003 ਦੀ ਵੋਟਰ ਸੂਚੀ ਵਿੱਚ ਸੀ, ਉਹ ਸਿਰਫ਼ 2003 ਦੀ ਵੋਟਰ ਸੂਚੀ ਦੀ ਇੱਕ ਕਾਪੀ ਨੱਥੀ ਕਰਕੇ ਇਹ ਕੰਮ ਕਰ ਸਕਣਗੇ। ਚੋਣ ਕਮਿਸ਼ਨ ਦੇ ਹੁਕਮ ਵਿੱਚ ਕਿਹਾ ਗਿਆ ਹੈ ਕਿ ਜਿਨ੍ਹਾਂ ਦਾ ਨਾਮ 2003 ਦੀ ਸੂਚੀ ਵਿੱਚ ਨਹੀਂ ਸੀ, ਉਨ੍ਹਾਂ ਨੂੰ ਆਪਣੀ ਮਾਤਾ ਜਾਂ ਪਿਤਾ ਜਾਂ (ਜੇਕਰ 2004 ਤੋਂ ਬਾਅਦ ਪੈਦਾ ਹੋਏ ਹਨ) ਆਪਣੀ ਮਾਤਾ ਅਤੇ ਪਿਤਾ ਦੋਵਾਂ ਦੇ ਜਨਮ ਅਤੇ ਸਥਾਨ ਦੇ ਨਾਲ-ਨਾਲ ਆਪਣੀ ਮਿਤੀ ਅਤੇ ਜਨਮ ਸਥਾਨ ਦਾ ਸਬੂਤ ਦੇਣਾ ਪਵੇਗਾ। ਇਹ ਸਭ 25 ਜੁਲਾਈ ਤੋਂ ਪਹਿਲਾਂ ਕਰਨਾ ਪਿਆ। ਜਿਸ ਵਿਅਕਤੀ ਦਾ ਫਾਰਮ 25 ਤਰੀਕ ਤੱਕ ਨਹੀਂ ਆਇਆ, ਉਸਦਾ ਨਾਮ ਡਰਾਫਟ ਵੋਟਰ ਸੂਚੀ ਵਿੱਚ ਵੀ ਨਹੀਂ ਆਵੇਗਾ ਅਤੇ ਬਾਅਦ ਵਿੱਚ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਸਾਰੇ ਦਸਤਾਵੇਜ਼ ਜੋ ਜਮ੍ਹਾ ਕੀਤੇ ਜਾਣੇ ਹਨ, ਉਹ 25 ਜੁਲਾਈ ਤੋਂ ਪਹਿਲਾਂ ਜਮ੍ਹਾ ਕਰਵਾਉਣੇ ਪੈਣਗੇ, ਉਸ ਤੋਂ ਬਾਅਦ ਸਿਰਫ ਅਗਸਤ ਦੇ ਮਹੀਨੇ ਵਿੱਚ ਤਸਦੀਕ ਕੀਤੀ ਜਾਵੇਗੀ। ਇਹ ਚੋਣ ਕਮਿਸ਼ਨ ਦਾ ਮਨਮਾਨੀ ਹੁਕਮ ਸੀ।

ਹੁਕਮ ਜਾਰੀ ਕਰਨ ਦੇ ਇੱਕ ਹਫ਼ਤੇ ਦੇ ਅੰਦਰ, ਚੋਣ ਕਮਿਸ਼ਨ ਨੂੰ ਜ਼ਮੀਨੀ ਹਕੀਕਤ ਦਾ ਅਹਿਸਾਸ ਹੋਇਆ। ਫਿਰ ਨੋਟਬੰਦੀ ਦੀ ਤਰਜ਼ 'ਤੇ ਹਰ ਰੋਜ਼ ਨਵੀਆਂ ਛੋਟਾਂ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ। ਪਹਿਲਾਂ ਚੋਣ ਕਮਿਸ਼ਨ ਨੇ ਕਿਹਾ ਕਿ ਜਿਨ੍ਹਾਂ ਦੇ ਮਾਪਿਆਂ ਦੇ ਨਾਮ 2003 ਦੀ ਸੂਚੀ ਵਿੱਚ ਹਨ, ਉਨ੍ਹਾਂ ਨੂੰ ਸਿਰਫ਼ ਆਪਣੇ ਦਸਤਾਵੇਜ਼ ਜਮ੍ਹਾ ਕਰਨੇ ਪੈਣਗੇ, ਮਾਪਿਆਂ ਦੇ ਨਹੀਂ। ਫਿਰ ਅਚਾਨਕ ਅਖ਼ਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਗਿਆ ਕਿ ਦਸਤਾਵੇਜ਼ਾਂ ਤੋਂ ਬਿਨਾਂ ਵੀ ਫਾਰਮ ਜਮ੍ਹਾ ਕੀਤਾ ਜਾ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਉਸੇ ਸ਼ਾਮ ਚੋਣ ਕਮਿਸ਼ਨ ਨੇ ਦਾਅਵਾ ਕੀਤਾ ਕਿ ਅਸਲ ਹੁਕਮ ਦੀ ਪ੍ਰਕਿਰਿਆ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ!ਫਿਰ ਕਿਹਾ ਕਿ ਫਾਰਮ ਦੀਆਂ ਦੋ ਕਾਪੀਆਂ ਦੇਣਾ ਸੰਭਵ ਨਹੀਂ ਹੈ, ਬੀਐਲਓ ਪਹਿਲਾਂ ਇੱਕ ਕਾਪੀ ਦੇਵੇਗਾ, ਬਾਅਦ ਵਿੱਚ ਦੂਜੀ ਵੀ ਦਿੱਤੀ ਜਾਵੇਗੀ। ਹੁਣ ਕਿਹਾ ਕਿ ਫੋਟੋ ਲਗਾਉਣ ਦੀ ਕੋਈ ਲੋੜ ਨਹੀਂ ਹੈ। ਪਰ ਇਹ ਵੀ ਸ਼ਹਿਰਾਂ ਵਿੱਚ ਕੰਮ ਨਹੀਂ ਕਰ ਰਿਹਾ ਸੀ। ਇਸ ਲਈ ਹੁਣ ਨਗਰ ਨਿਗਮ ਦੇ ਕਰਮਚਾਰੀਆਂ ਰਾਹੀਂ ਨਵੇਂ ਕਿਸਮ ਦੇ ਫਾਰਮ ਭੇਜੇ ਗਏ ਸਨ, ਜਿਨ੍ਹਾਂ ਵਿੱਚ ਨਾ ਤਾਂ ਵੋਟਰ ਦਾ ਨਾਮ ਸੀ ਅਤੇ ਨਾ ਹੀ ਉਸਦੀ ਫੋਟੋ।

ਇਹ ਦੱਸਣ ਯੋਗ ਹੈ ਕਿ ਇਹ ਸਾਰੇ ਬਦਲਾਅ ਹੋਏ, ਪਰ 24 ਜੂਨ ਦੇ ਚੋਣ ਕਮਿਸ਼ਨ ਦੇ ਹੁਕਮ ਵਿੱਚ ਇੱਕ ਵੀ ਸੋਧ ਨਹੀਂ ਕੀਤੀ ਗਈ। ਨੋਟਬੰਦੀ ਦੇ ਸਮੇਂ, ਘੱਟੋ ਘੱਟ ਰਿਜ਼ਰਵ ਬੈਂਕ ਨਿਯਮਾਂ ਵਿੱਚ ਸੋਧ ਕਰਦਾ ਸੀ। ਪਰ ਚੋਣ ਕਮਿਸ਼ਨ ਮੂੰਹ-ਜ਼ਬਾਨੀ ਜਾਂ ਪ੍ਰੈਸ ਰਿਲੀਜ਼ ਨਾਲ ਪ੍ਰਬੰਧ ਕਰਦਾ ਸੀ। ਇਸ ਕਾਗਜ਼ੀ ਪਰਦੇ ਪਿੱਛੇ ਦੀ ਜ਼ਮੀਨੀ ਹਕੀਕਤ ਹੋਰ ਵੀ ਅਜੀਬ ਸੀ। ਪਿਛਲੇ ਕੁਝ ਦਿਨਾਂ ਵਿੱਚ, ਕੁਝ ਦਲੇਰ ਯੂਟਿਊਬਰ ਪੱਤਰਕਾਰਾਂ ਅਤੇ ਇੱਕ-ਦੋ ਅਖ਼ਬਾਰਾਂ ਨੇ ਇਸਦਾ ਪਰਦਾਫਾਸ਼ ਕੀਤਾ ਹੈ। ਹੋਇਆ ਇਹ ਕਿ ਚੋਣ ਕਮਿਸ਼ਨ ਦੇ ਸੰਕੇਤ ਤੋਂ ਬਾਅਦ, ਬੀਐਲਓ ਨੇ ਘਰ ਬੈਠੇ ਹੀ ਆਪਣੇ ਰਜਿਸਟਰ ਤੋਂ ਲੋਕਾਂ ਦੇ ਫਾਰਮ ਭਰਨੇ ਸ਼ੁਰੂ ਕਰ ਦਿੱਤੇ। ਚੋਣ ਕਮਿਸ਼ਨ ਨੂੰ ਹਰ ਸ਼ਾਮ ਪ੍ਰੈਸ ਰਿਲੀਜ਼ ਲਈ ਨੰਬਰਾਂ ਦੀ ਲੋੜ ਸੀ, ਇਸ ਲਈ ਹੁਣ ਪੂਰਾ ਸਿਸਟਮ ਫਾਈਲ ਭਰਨ ਵਿੱਚ ਰੁੱਝ ਗਿਆ। ਜ਼ਿਆਦਾਤਰ ਲੋਕਾਂ ਨੂੰ ਨਾ ਤਾਂ ਕੋਈ ਫਾਰਮ ਮਿਲਿਆ (ਦੋ ਫਾਰਮ ਅਣਗਿਣਤ ਪਰਿਵਾਰਾਂ ਤੱਕ ਪਹੁੰਚੇ) ਅਤੇ ਨਾ ਹੀ ਉਨ੍ਹਾਂ ਨੇ ਕੋਈ ਫਾਰਮ ਭਰਿਆ। ਪਰ ਉਨ੍ਹਾਂ ਦਾ ਫਾਰਮ ਭਰਿਆ ਗਿਆ, ਇਹ ਅੰਕੜਿਆਂ ਵਿੱਚ ਸ਼ਾਮਲ ਹੋ ਗਿਆ। ਅਸਲੀਅਤ ਇਹ ਹੈ ਕਿ ਚੋਣ ਕਮਿਸ਼ਨ ਜਿਨ੍ਹਾਂ ਫਾਰਮਾਂ ਨੂੰ ਭਰੇ ਜਾਣ ਦਾ ਦਾਅਵਾ ਕਰ ਰਿਹਾ ਹੈ, ਉਨ੍ਹਾਂ ਵਿੱਚੋਂ ਜ਼ਿਆਦਾਤਰ ਵਿੱਚ ਨਾ ਤਾਂ ਦਸਤਾਵੇਜ਼ ਹਨ, ਨਾ ਫੋਟੋਆਂ, ਨਾ ਪੂਰੀ ਜਾਣਕਾਰੀ ਅਤੇ ਸ਼ਾਇਦ ਦਸਤਖਤ ਵੀ ਜਾਅਲੀ ਹਨ। ਦੂਜੇ ਪਾਸੇ, ਜਨਤਾ ਵਿੱਚ ਹਫੜਾ-ਦਫੜੀ ਹੈ। ਗਰੀਬ ਲੋਕ ਦਸਤਾਵੇਜ਼ਾਂ ਲਈ ਬੇਚੈਨ ਕਤਾਰ ਵਿੱਚ ਖੜ੍ਹੇ ਹਨ, ਕਿਸੇ ਵੀ ਸਰਟੀਫਿਕੇਟ ਦਾ ਪ੍ਰਬੰਧ ਕਰਨ ਲਈ ਪੈਸੇ ਦੇ ਰਹੇ ਹਨ। ਅਸਲੀਅਤ ਇਹ ਹੈ ਕਿ ਬਿਹਾਰ ਦੇ ਲਗਭਗ 40 ਪ੍ਰਤੀਸ਼ਤ ਲੋਕਾਂ ਕੋਲ ਚੋਣ



ਕਮਿਸ਼ਨ ਦੁਆਰਾ ਮੰਗੇ ਗਏ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਨਹੀਂ ਹੈ। ਤਾਂ ਹੁਣ ਕੀ ਹੋਵੇਗਾ?

ਇੱਕ ਗੱਲ ਪੱਕੀ ਹੈ ਕਿ 25 ਜੁਲਾਈ ਤੱਕ, ਚੋਣ ਕਮਿਸ਼ਨ ਆਪਣੇ ਅੰਕੜੇ 95 ਪ੍ਰਤੀਸ਼ਤ ਤੋਂ ਉੱਪਰ ਦਿਖਾ ਕੇ ਜਿੱਤ ਦਾ ਐਲਾਨ ਕਰ ਦੇਵੇਗਾ (ਕੌਣ ਜਾਣਦਾ ਹੈ ਕਿ ਇਹ 100 ਤੋਂ ਵੀ ਪਾਰ ਕਰ ਸਕਦਾ ਹੈ)। ਪਰ ਅਸਲ ਸਵਾਲ ਇਹ ਹੈ ਕਿ ਕੀ ਉਸ ਤੋਂ ਬਾਅਦ ਦਸਤਾਵੇਜ਼ਾਂ ਦੀ ਮੰਗ ਕੀਤੀ ਜਾਵੇਗੀ? ਜੋ ਦਸਤਾਵੇਜ਼ ਨਹੀਂ ਦੇ ਸਕਦੇ ਉਨ੍ਹਾਂ ਨੂੰ ਵੋਟਰ ਸੂਚੀ ਵਿੱਚੋਂ ਹਟਾ ਦਿੱਤਾ ਜਾਵੇਗਾ? ਜੇਕਰ ਅਜਿਹਾ ਹੁੰਦਾ ਹੈ, ਤਾਂ ਇੱਕ ਕਰੋੜ ਤੋਂ ਵੱਧ ਲੋਕਾਂ ਦੇ ਨਾਮ ਮਿਟਾ ਦਿੱਤੇ ਜਾਣਗੇ ਅਤੇ ਹਫੜਾ-ਦਫੜੀ ਹੋਵੇਗੀ।

ਫੈਸਲਾ ਹੁਣ ਸੁਪਰੀਮ ਕੋਰਟ ਦੇ ਹੱਥ ਵਿੱਚ ਹੈ। ਪਰ ਜੇਕਰ ਬਿਹਾਰ ਵਿੱਚ ਕੁਝ ਰਾਹਤ ਮਿਲਦੀ ਹੈ, ਤਾਂ ਵੀ ਤੁਹਾਨੂੰ ਵੋਟ ਪਾਬੰਦੀ ਤੋਂ ਰਾਹਤ ਨਹੀਂ ਮਿਲੇਗੀ। ਇਹ ਤਲਵਾਰ ਪੂਰੇ ਦੇਸ਼ ਉੱਤੇ ਲਟਕਦੀ ਰਹੇਗੀ। ਇਸ ਪਾਗਲ ਹੁਕਮ ਨੂੰ ਰੱਦ ਕਰਵਾ ਕੇ ਹੀ ਯੂਨੀਵਰਸਲ ਬਾਲਗ ਵੋਟ ਅਧਿਕਾਰ ਨੂੰ ਬਚਾਇਆ ਜਾ ਸਕਦਾ ਹੈ।

**--ਜੋਗਿੰਦਰ ਯਾਦਵ**

## (ਮੁੱਖ ਪੰਨੇ ਦੀ ਬਾਕੀ)

ਅਤੇ ਇਸਨੂੰ ਅਸਥਿਰ ਵਿਸ਼ਵਵਿਆਪੀ ਮਾਹੌਲ ਵਿੱਚ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਸਮੇਂ ਸਿਰ ਦਖਲ ਦੱਸਿਆ। ਗੁਟੇਰੇਸ ਨੇ ਕਿਹਾ ਨੂੰ "ਮਤੇ ਵਿੱਚ ਪਾਕਿਸਤਾਨ ਦੀ ਭੂਮਿਕਾ ਸ਼ਲਾਘਾਯੋਗ ਹੈ," "ਮਤਾ ਸ਼ਾਂਤੀਪੂਰਨ ਹੱਲਾਂ ਪ੍ਰਤੀ ਸਾਡੀ ਵਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ ਅਤੇ ਸਾਨੂੰ ਯਾਦ ਦਿਵਾਉਂਦਾ ਹੈ ਕਿ ਕੂਟਨੀਤੀ ਅਤੇ ਗੱਲਬਾਤ ਅੰਤਰਰਾਸ਼ਟਰੀ ਸਬੰਧਾਂ ਦੇ ਕੇਂਦਰ ਵਿੱਚ ਰਹਿਣੀ ਚਾਹੀਦੀ ਹੈ। "ਗੁਟੇਰੇਸ ਨੇ ਨੇ ਕਿਹਾ ਕਿ "ਸ਼ਾਂਤੀ ਲਈ ਗੱਲਬਾਤ ਕਦੇ ਨਹੀਂ ਰੁਕਣੀ ਚਾਹੀਦੀ। "ਆਪਣੇ ਸਮਾਪਤੀ ਭਾਸ਼ਣ ਵਿੱਚ, ਡਾਰ ਨੇ ਕਿਹਾ, "ਸ਼ਾਂਤੀ ਥੋਪੀ ਨਹੀਂ ਜਾ ਸਕਦੀ - ਇਸਨੂੰ ਨਿਰੰਤਰ ਗੱਲਬਾਤ, ਆਪਸੀ ਸਤਿਕਾਰ ਅਤੇ ਸਾਂਝੀ ਜ਼ਿੰਮੇਵਾਰੀ ਰਾਹੀਂ ਅੱਗੇ ਵਧਾਇਆ ਜਾਣਾ ਚਾਹੀਦਾ ਹੈ।









# ਟਰੰਪ ਦੇ 'ਕੰਟਰੋਲ' ਹੇਠ ਚੱਲ ਰਹੀ ਹੈ ਕੇਂਦਰ ਸਰਕਾਰ:ਮਮਤਾ



ਕਲਕੱਤਾ:ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਦੋਸ਼ ਲਾਇਆ ਕਿ ਉਹ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ 'ਕੰਟਰੋਲ' ਹੇਠ ਚੱਲ ਰਹੀ ਹੈ। ਉਨ੍ਹਾਂ ਪਾਕਿਸਤਾਨ ਨਾਲ ਹਾਲੀਆ ਟਕਰਾਅ ਦੌਰਾਨ ਮਕਬੂਜ਼ਾ ਕਸ਼ਮੀਰ (ਪੀਓਕੇ) 'ਤੇ ਕਬਜ਼ਾ ਨਾ ਕਰਨ 'ਚ ਕੇਂਦਰ ਸਰਕਾਰ ਦੀ ਨਾਕਾਮੀ 'ਤੇ ਵੀ ਸਵਾਲ ਖੜ੍ਹੇ ਕੀਤੇ। ਉਨ੍ਹਾਂ ਬਿਹਾਰ ਵਾਂਗ ਪੱਛਮੀ ਬੰਗਾਲ 'ਚ ਵੀ ਵੋਟਰਾਂ ਦੇ ਨਾਮ ਸੂਚੀਆਂ 'ਚੋਂ ਕੱਟੇ ਜਾਣ ਦਾ ਖ਼ਦਸ਼ਾ ਪ੍ਰਗਟਾਇਆ। ਇਥੇ ਟੀਐੱਮਸੀ ਦੀ ਸਾਲਾਨਾ ਸ਼ਹੀਦੀ ਦਿਵਸ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਨੇ ਪਹਿਲਗਾਮ ਦਹਿਸ਼ਤੀ ਹਮਲੇ ਅਤੇ 'ਅਪਰੇਸ਼ਨ ਸਿੰਧੂਰ' ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ। ਉਨ੍ਹਾਂ ਕਿਹਾ, ''ਤੁਹਾਨੂੰ ਅਮਰੀਕੀ ਰਾਸ਼ਟਰਪਤੀ ਚਲਾ ਰਹੇ ਹਨ ਅਤੇ ਤੁਸੀਂ ਸਾਨੂੰ ਭਾਸ਼ਣ ਦਿੰਦੇ ਹੋ। ਤੁਸੀਂ (ਕੇਂਦਰ ਸਰਕਾਰ) ਉਨ੍ਹਾਂ (ਅਮਰੀਕੀ ਰਾਸ਼ਟਰਪਤੀ) ਦੇ ਹੁਕਮਾਂ ਦੀ ਪਾਲਣਾ ਕਰ ਰਹੇ ਹੋ।'' ਪੱਛਮੀ ਬੰਗਾਲ 'ਚ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਬੰਗਾਲੀ ਗੌਰਵ' ਦੇ ਮੁੱਦੇ ਨੂੰ ਭਖਾਉਂਦਿਆਂ ਮੁੱਖ ਮੰਤਰੀ ਨੇ ਭਾਜਪਾ 'ਤੇ ਬੰਗਾਲੀਆਂ ਖ਼ਿਲਾਫ਼ 'ਭਾਸ਼ਾਈ ਅਤਿਵਾਦ' ਫੈਲਾਉਣ ਦਾ ਦੋਸ਼ ਲਾਇਆ।

ਉਨ੍ਹਾਂ ਕਿਹਾ ਕਿ ਭਾਜਪਾ ਦੇ ਚੋਣ ਹਾਰਨ ਤੱਕ ਪਛਾਣ ਅਤੇ ਭਾਸ਼ਾ ਦੀ ਜੰਗ ਜਾਰੀ ਰਹੇਗੀ।

ਮਮਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਸਿੱਧੇ ਢੰਗ ਨਾਲ ਮਖੌਲ ਉਡਾਉਂਦਿਆਂ ਕਿਹਾ, ''ਤੁਸੀਂ ਬੰਗਾਲ ਆਉਂਦੇ ਹੋ, ਟੈਲੀਪ੍ਰੋਮਪਟਰ ਦੇਖ ਕੇ ਬੰਗਾਲੀ ਬੋਲਦੇ ਹੋ ਅਤੇ ਸੋਚਦੇ ਹੋ ਕਿ ਤੁਸੀਂ ਦਿਲ ਜਿੱਤ ਸਕਦੇ ਹੋ। ਤੁਸੀਂ ਪੀਓਕੇ 'ਤੇ ਤਾਂ ਕਬਜ਼ਾ ਨਹੀਂ ਕਰ ਸਕੇ ਪਰ ਬੰਗਾਲ 'ਤੇ ਕਬਜ਼ੇ ਦਾ ਸੁਪਨਾ ਲੈ ਰਹੇ ਹੋ।''

# ਅਮਰੀਕਾ 'ਚ ਭਾਰਤੀ ਮੂਲ ਦਾ ਡਾਕਟਰ ਨਸ਼ੀਲੀਆਂ ਦਵਾਈਆਂ ਦੇਣ ਦੇ ਮਾਮਲੇ 'ਤੇ ਘਿਰਿਆ:ਦਵਾਈਆਂ ਲਿਖਣ ਬਦਲੇ ਕਰਦਾ ਸੀ ਜਿਨਸੀ ਸੋਸ਼ਣ

ਨਿਊਜਰਸੀ:-ਇੱਕ ਭਾਰਤੀ ਮੂਲ ਦੇ ਡਾਕਟਰ 'ਤੇ ਜਿਨਸੀ ਸੋਸ਼ਣ ਦੀ ਆੜ ਹੇਠ ਆਪਣੇ ਮਰੀਜ਼ਾਂ ਨੂੰ ਬਿਨਾਂ ਕਿਸੇ ਮੈਡੀਕਲ ਉਦੇਸ਼ ਦੇ ਨਸ਼ੀਲੀਆਂ ਦਵਾਈਆਂ ਦੇਣ ਦੇ ਦੋਸ਼ ਲੱਗੇ ਹਨ। ਨਿਊ ਜਰਸੀ ਦੇ ਅਮਰੀਕੀ ਅਟਾਰਨੀ ਦਫ਼ਤਰ ਨੇ ਕਿਹਾ ਕਿ 51 ਸਾਲਾ ਰਿਤੇਸ਼ ਕਾਲੜਾ ਕਥਿਤ ਤੌਰ 'ਤੇ ਆਪਣੇ ਮਰੀਜ਼ਾਂ ਨੂੰ ਬਿਨਾਂ ਕਿਸੇ ਲੋੜ ਤੋਂ ਨਸ਼ੀਲੀਆਂ ਦਵਾਈਆਂ ਲਿਖਦਾ ਰਿਹਾ।

ਇਸ ਮਾਮਲੇ ਦੀ ਜਾਂਚ ਕੀਤੀ ਤਾ ਪਤਾ ਲੱਗਿਆ ਕਿ ਉਸ ਨੇ ਜਨਵਰੀ 2019 ਤੋਂ ਫ਼ਰਵਰੀ 2025 ਦਰਮਿਆਨ 31000 ਤੋਂ ਵੱਧ ਨਸ਼ੀਲੇ ਪਦਾਰਥ ਵਾਲੀਆਂ ਦਵਾਈਆਂ ਲਿਖੀਆਂ। ਕਾਲੜਾ ਨੂੰ ਅਮਰੀਕੀ ਮੈਜਿਸਟ੍ਰੇਟ ਜੱਜ ਦੇ ਸਾਹਮਣੇ ਪਹਿਲੀ ਵਾਰ ਪੇਸ਼ ਕੀਤਾ ਤੇ ਉਸ ਨੂੰ 100000 ਅਮਰੀਕੀ ਡਾਲਰ ਦੇ ਬਾਂਡ 'ਤੇ ਰਿਹਾਅ ਕੀਤਾ ਗਿਆ। ਇਸ ਤੋਂ ਇਲਾਵਾ ਕੇਸ ਚੱਲਣ ਤੱਕ ਕਾਲੜਾ ਨੂੰ ਆਪਣੀ ਮੈਡੀਕਲ ਪ੍ਰੈਕਟਿਸ ਬੰਦ ਕਰਨ ਲਈ ਕਿਹਾ ਗਿਆ ਹੈ

FIXMAN
GLASS REPAIR LTD
Auto
Residential
Commercial
"We Are The Clear Choice"
GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000



Mandeep Dhaliwal
www.fixmanglass.com Email:fixmanglass@gmail.com

SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

Punjab TRAVELS




ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਖਾਲਿਸਤਾਨ ਦੇ ਸੰਘਰਸ਼ ਨਾਲ ਫਿਰੌਤੀਆਂ, ਨਸ਼ਾ ਤਸਕਰੀ, ਗੈਂਗਵਾਰ ਦਾ ਸਬੰਧ ਨਹੀਂ:ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼

## ਦੇਸ਼ ਵਿਦੇਸ਼ ਵਿੱਚ ਸੰਘਰਸ਼ ਨੂੰ ਢਾਹ ਲਾਊ ਘਟਨਾਵਾਂ ਬਾਰੇ ਸਿੱਖ ਜਥੇਬੰਦੀਆਂ ਦਾ ਖਾਸ ਸਪੱਸ਼ਟੀਕਰਨ



ਲੰਡਨ-ਦੇਸ਼ ਵਿਦੇਸ਼ ਵਿੱਚ ਵਾਪਰ ਰਹੀਆਂ ਘਟਨਾਵਾਂ ਜਿਹਨਾਂ ਦਾ ਅਦਾਰ ਫਿਰੌਤੀਆਂ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਗੈਂਗਵਾਰ, ਨਿੱਜੀ ਵੈਰ ਵਿਰੋਧ ਸਮੇਤ ਧਾਰਮਕ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਵਿਪਰੀਤ ਹੈ,ਉਹਨਾਂ ਨੂੰ ਸਿੱਖ ਦੁਸ਼ਮਣ ਧਿਰ ਵਲੋਂ ਜਾਣ ਬੁੱਝ ਕੇ ਖਾਲਿਸਤਾਨ ਦੇ ਸੰਘਰਸ਼ ਨਾਲ ਜੋੜਿਆ ਜਾ ਰਿਹਾ ਹੈ ।ਜੋ ਕਿ ਬਿਲਕੁਲ ਨਿਰਮੂਲ, ਬੁਨਿਆਦ ਅਤੇ ਬੇਤੁਕੀ ਗੱਲ ਹੈ।ਪੰਜਾਬ ਵਿੱਚ ਜਦੋਂ ਖਾਲਿਸਤਾਨ ਦਾ ਸੰਘਰਸ਼ ਜੋਬਨ ਤੇ ਸੀ ਤਾਂ ਸਮਾਜ ਵਿਰੋਧੀ ਅਨਸਰਾਂ ਵਲੋਂ ਖਾੜਕੂ ਜਥੇਬੰਦੀਆਂ ਦੇ ਜਾਅਲੀ ਲੈਟਰਹੈੱਡ ਤਿਆਰ ਕੀਤੇ ਗਏ, ਉਹਨਾ ਤੇ ਚਿੱਠੀਆਂ ਪਾ ਕੇ ਆਮ ਲੋਕਾਂ ਤੋਂ ਫਿਰੌਤੀਆਂ ਮੰਗੀਆਂ ਗਈਆਂ।ਜਦਕਿ ਖਾੜਕੂਆਂ ਅਤੇ ਖਾੜਕੂ ਜਥੇਬੰਦੀਆਂ ਦਾ ਇਹ ਨਾਲ ਕੋਈ ਸਬੰਧ ਨਹੀ ਹੀ ਸੀ।ਬਹੁਤ ਸਾਰੇ ਅਜਿਹੇ ਅਨਸਰਾਂ ਨੂੰ ਸੋਧਿਆ ਵੀ ਗਿਆ ਅਤੇ ਵਾਰ ਵਾਰ ਸਿੱਖ ਸੰਗਤਾਂ ਨੂੰ ਸੁਚੇਤ ਵੀ ਕੀਤਾ ਜਾਂਦਾ ਰਿਹਾ। ਅਜਿਹਾ ਵਰਤਾਰਾ ਅੱਜ ਕਲ ਵੱਡੀ ਪੱਧਰ ਤੇ ਫੇਰ ਵਾਪਰ ਰਿਹਾ ਹੈ।ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਇੱਕ ਖਾਸ ਸਪੱਸ਼ਟੀਕਰਨ ਜਾਰੀ ਕੀਤਾ ਗਿਆ ਹੈ ਜੋ ਕਿ ਉਹਨਾਂ ਸੰਘਰਸ਼ਸ਼ੀਲ ਜਥੇਬਦੀਆਂ ਵਲੋਂ ਵੀ ਹੈ ਜਿਹਨਾਂ ਨੂੰ ਭਾਰਤੀ ਮੀਡੀਆ ਦੇਸ਼ ਵਿਦੇਸ਼ ਵਿੱਚ ਵਾਪਰ ਰਹੀਆਂ ਸਿੱਖ ਧਰਮ ਅਤੇ ਸਮਾਜ ਵਿਰੋਧੀ ਘਟਨਾਵਾਂ ਦਾ ਜਿੰਮੇਵਾਰ ਠਹਿਰਾ ਰਿਹਾ ਹੈ।ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਹੈ ਕਿ ਖਾਲਿਸਤਾਨ ਦਾ ਸੰਘਰਸ਼ ਹੱਕ, ਸੱਚ, ਇਨਸਾਫ ਅਤੇ ਧਰਮ ਤੇ ਅਧਾਰਿਤ ਹੈ ਜਿਸ ਵਿੱਚ ਯੋਗਦਾਨ ਪਾਉਂਦੇ ਹੋਏ ਅਣਗਿਣਤ ਸਿੰਘ, ਸਿੰਘਣੀਆਂ, ਬੱਚੇ, ਬਜੁਰਗ ਸ਼ਹੀਦ ਹੋ ਚੁੱਕੇ ਹਨ।ਖਾਲਿਸਤਾਨ ਦੇ ਸੰਘਰਸ਼ ਦੌਰਾਨ ਸਾਲ 1987 ਵਿੱਚ ਸਮਾਜ ਸੁਧਾਰ ਲਹਿਰ ਦਾ ਆਗਾਜ਼ ਕਰਦਿਆਂ ਇਸ ਨੂੰ ਅਮਲੀ ਜਾਮਾ ਪਹਿਨਾਇਆ ਗਿਆ ਸੀ।ਖਾਲਿਸਤਾਨ ਦੇ ਸੰਘਰਸ਼ ਦੇ ਪਾਂਧੀ ਕਿਸੇ ਤੋਂ ਫਿਰੌਤੀ ਲੈਣ, ਕਿਸੇ ਨੂੰ ਵਿਆਕਤੀਗਤ ਤੌਰ ਤੇ ਲੁੱਟਣ, ਨਸ਼ਿਆਂ ਦੇ ਕਾਰੋਬਾਰ, ਨਸ਼ਿਆਂ ਦੀ ਤਸਕਰੀ ਆਦਿ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਜਿਹੜੇ ਅਜਿਹਾ ਕਰਦੇ ਹੋਣਗੇ ਉਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਪ੍ਰਗਟ ਕੀਤੇ ਹੋਏ ਖਾਲਸਾ ਪੰਥ ਦੇ ਸੁਨਿਹਰੀ ਅਸੂਲਾਂ ਦੇ ਵੈਰੀ ਹੀ ਹੋ ਸਕਦੇ ਨਾ ਕਿ ਸਿੱਖ ਕੌਮ ਜਾਂ ਸਿੱਖ ਸੰਘਰਸ਼ ਦੇ ਖੈਰ ਖਵਾਹ।ਖਾਲਿਸਤਾਨ ਦੇ ਚੱਲ ਰਹੇ ਸੰਘਰਸ਼ ਨੂੰ ਢਾਹ ਲਗਾਉਣ ਅਤੇ ਬਦਨਾਮ ਕਰਨ ਵਾਸਤੇ ਸਰਕਾਰੀ ਏਜੰਸੀਆਂ ਨੇ ਕਈ ਕਿਸਮਾਂ ਦੀਆਂ ਚਾਲਾਂ ਚੱਲੀਆਂ ਸਨ ਅਤੇ ਇਸੇ ਹੀ ਵਰਤਾਰੇ ਨੂੰ ਅੱਜ ਤੱਕ ਜਾਰੀ ਰੱਖਿਆ ਹੋਇਆ ਹੈ।ਦੇਸ਼ ਵਿਦੇਸ਼ ਵਿੱਚ ਜਿਹੜੇ ਵਿਅਕਤੀ ਗੈਂਗਵਾਰ, ਨਿੱਜੀ ਵੈਰ ਵਿਰੋਧ, ਧਰਮ ਅਤੇ ਸਮਾਜ ਵਿਰੋਧੀ ਕਾਰਵਾਈਆਂ ਕਰਕੇ ਸੰਘਰਸ਼ਸ਼ੀਲ ਜਥੇਬੰਦੀਆਂ ਦਾ ਨਾਮ ਵਰਤ ਰਹੇ ਹਨ ਜਦਕਿ ਉਹਨਾਂ ਜਥੇਬੰਦੀਆਂ ਦਾ ਇਹੋ ਜਿਹੀਆਂ ਕਾਰਵਾਈਆਂ ਨਾਲ ਕੋਈ ਸਬੰਧ ਨਹੀਂ ਹੈ।ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ ਸਿੱਖ ਸੰਗਤਾਂ ਨੂੰ ਭਾਰਤ ਸਰਕਾਰ ਪੱਖੀ ਮੀਡੀਏ ਦੇ ਖਾਲਿਸਤਾਨ ਦੇ ਸੰਘਰਸ਼ ਦੇ ਸੰਘਰਸ਼ ਨੂੰ ਢਾਹ ਲਾਉਣ ਵਾਲੇ ਅਜਿਹੇ ਝੂਠੇ ਅਤੇ ਬੇਤੁਕੇ ਪ੍ਰਚਾਰ ਤੋਂ ਸੁਚੇਤ ਰਹਿਣ ਦੀ ਸਨਿਮਰ ਅਪੀਲ ਕੀਤੀ ਗਈ ਹੈ।ਖਾਲਿਸਤਾਨ ਦੀ ਜੰਗੇ ਅਜਾਦੀ ਦੇ ਸ਼ਹੀਦਾਂ ਦੀ ਅਸਿੱਧੇ ਢੰਗ ਨਾਲ ਨਾਸਤਿਕ ਅਤੇ ਸਰਕਾਰੀ ਧਿਰ ਦੇ ਲੇਖਕਾਂ ਵਲੋਂ ਆਪਣੀਆਂ ਕਿਤਾਬਾਂ ਵਿੱਚ ਕੂੜ ਕਬਾੜ ਲਿਖਕੇ ਉਹਨਾਂ ਦੀ ਕਿਰਦਾਰਕੁਸ਼ੀ ਕਰਨ ਦਾ ਰੁਝਾਨ ਵੀ ਸਾਹਮਣੇ ਆ ਰਿਹਾ ਹੈ ਜਿਸਦਾ ਸਿੱਖ ਸੰਘਰਸ਼ ਪੱਖੀ ਕਲਮਾਂ ਨੰ ਢੁੱਕਵਾਂ ਜਵਾਬ ਦੇਣ ਦੀ ਜਰੂਰਤ ਹੈ।ਇਹ ਲੋਕ ਆਪਣੀਆਂ ਕਿਤਾਬਾਂ ਜਾਂ ਆਪਣੇ ਚੈਨਲਾਂ ਦੀ ਲੋਕਾਂ ਵਿੱਚ ਉਤਸੁਕਤਾ ਪੈਦਾ ਕਰਨ ਲਈ ਅਜਿਹੇ ਕੋਝੇ ਹੱਥਕੰਡੇ ਵਰਤ ਰਹੇ ਹਨ।

# ਵੈਨਕੂਵਰ ਦੇ ਬੀਚਾਂ ਤੇ ਤੈਰਨ ਦੀ ਪਾਬੰਦੀ

ਵੈਨਕੂਵਰ- ਵੈਨਕੂਵਰ ਕੋਸਟਲ ਹੈਲਥ ਵੱਲੋਂ ਵੈਨਕੂਵਰ ਦੇ ਕੁਝ ਚੋਣਵੇਂ ਸਮੁੰਦਰੀ ਬੀਚਾਂ ਤੇ ਤੈਰਨ ਸਬੰਧੀ ਅਣਮਿਥੇ ਸਮੇਂ ਲਈ ਪਾਬੰਦੀ ਲਗਾਏ ਜਾਣ ਦਾ ਫੈਸਲਾ ਕੀਤਾ ਗਿਆ ਹੈ।ਪਾਬੰਦੀ ਦਾ ਇਹ ਫੈਸਲਾ ਸਮੁੰਦਰੀ ਪਾਣੀ ਚ ਈ ਕੋਲੀ ਬੈਕਟੀਰੀਆ ਦੀ ਮਾਤਰਾ ਸੁਰੱਖਿਅਤ ਹੱਦ ਤੋਂ ਵਧੇਰੇ ਹੋਣ ਕਾਰਨ ਲਗਾਈ ਗਈ ਹੈ। ਪਾਬੰਦੀ ਸ਼ੁਦਾ ਬੀਚਾਂ ਚ ਇੰਗਲਿਸ਼ ਬੇ ਬੀਚ, ਕਿਤ ਸਿਲਾਨੋ ਬੀਚ,ਸੈਕਿੰਡ ਬੀਚ, ਸਨਸੈਟ ਬੀਚ, ਥਰਡ ਬੀਚ(ਸਟੈਨਲੀ ਪਾਰਕ) ਡੰਡਰੇਵ ਬੀਚ(ਵੈਸਟ ਵੈਨਕੂਵਰ ),ਲਾਇਨ ਬੇ ਬੀਚ ਅਤੇ ਟਰਾਡ ਲੇਕ ਬੀਚ ਸ਼ਾਮਿਲ ਹਨ।ਜ਼ਿਕਰਯੋਗ ਹੈ ਕਿ ਇਹਨਾਂ ਬੀਚਾਂ ਤੇ 19 ,22 ਅਤੇ 26 ਜੁਲਾਈ ਨੂੰ ਹੋਂਡਾ ਸੈਲੀਬਰੇਸ਼ਨ ਆਫ ਲਾਈਟਜ ਦੌਰਾਨ ਆਤਿਸ਼ਬਾਜ਼ੀ ਦੇ ਨਜਾਰਿਆਂ ਨੂੰ ਮਾਨਣ ਲਈ ਵੱਡੀ ਗਿਣਤੀ ਚ ਲੋਕਾਂ ਦੇ ਪੁੱਜਣ ਦੀ ਸੰਭਾਵਨਾ ਹੈ।


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com


# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*24 ਜੁਲਾਈ ਦਿਨ ਵੀਰਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸ. ਪ੍ਰਮਿੰਦਰ ਸਿੰਘ ਸਹੋਤਾ ਪਰਿਵਾਰ ਵੱਲੋਂ ਹੋਵੇਗੀ।

*25 ਜੁਲਾਈ ਦਿਨ ਸ਼ੁੱਕਰਵਾਰ ਬੱਚੀ ਜਸਲੀਨ ਕੌਰ ਦੇ ਅਨੰਦ ਕਾਰਜ ਦੀ ਰਸਮ ਹੋਵੇਗੀ।

*25 ਜੁਲਾਈ ਦਿਨ ਸ਼ੁੱਕਰਵਾਰ ਸ਼ਾਮ 4 ਵਜੇ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਬੀਬੀ ਗੁਰਪ੍ਰੀਤ ਕੌਰ ਪਰਿਵਾਰ ਵੱਲੋਂ ਹੋਵੇਗੀ।

*26 ਜੁਲਾਈ ਦਿਨ ਸ਼ਨਿੱਚਰਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗ।

*27 ਜੁਲਾਈ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਪ੍ਰਮਜੀਤ ਸਿੰਘ ਗਿੱਲ ਪਰਿਵਾਰ ਵੱਲੋਂ ਹੋਵੇਗੀ।

*27 ਜੁਲਾਈ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਮੱਖਣ ਸਿੰਘ ਅਟਵਾਲ ਪਰਿਵਾਰ ਵੱਲੋਂ

**ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ**

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।
ਗੁ. ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਿਖੇ
**ਗੁਰਬਾਣੀ ਸਿਮਰਨ**
**ਹਰ ਐਤਵਾਰ**
**ਦੁਪਹਿਰ 1 ਤੋਂ 4 ਵਜੇ ਤੱਕ**
ਹੁੰਦੇ ਹਨ, ਸਭ ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ





ਜਿਸ ਦਿਨ ਗੁਰੂ ਖਾਲਸਾ ਪੰਥ, ਪੰਥਕ ਰਵਾਇਤ ਮੁਤਾਬਕ ਪੰਜ ਆਗੂ ਤੇ ਇਕ ਸਾਥੀ ਚੁਣ ਲਵੇਗਾ ਅਤੇ ਪੰਜ ਸਿੰਘਾਂ ਦੀ ਆਗਿਆ ਵਿਚ ਚਲੇਗਾ, ਉਸ ਦਿਨ ਜਿਸ ਕੰਮ ਨੂੰ ਹੱਥ ਪਾਏਗਾ, ਫਤਿਹ ਹੋਵੇਗੀ। ਆਗੂ ਚੁਣਨ ਵੇਲੇ ਕਿਸੇ ਦਾ ਲਿਹਾਜ਼ ਨਾ ਕੀਤਾ ਜਾਵੇ।
- ਸੰਤ ਅਤਰ ਸਿੰਘ ਜੀ

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ

**ਕਥਾਵਾਚਕ**
ਗਿਆਨੀ ਜੈਵੀਰ ਸਿੰਘ
ਕਰਨਾਲ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

**ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ**

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

# ਡੋਨਾਲਡ ਟਰੰਪ ਵੱਲੋਂ ਭਾਰਤ-ਪਾਕਿ ਟਕਰਾਅ ਦੌਰਾਨ 5 ਲੜਾਕੂ ਜਹਾਜ਼ਾਂ ਨੂੰ ਡੇਗਣ ਦਾ ਨਵਾਂ ਦਾਅਵਾ



ਨਵੀਂ ਦਿੱਲੀ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹਾਲ ਹੀ ਵਿੱਚ ਹੋਏ ਭਾਰਤ-ਪਾਕਿਸਤਾਨ ਫੌਜੀ ਟਕਰਾਅ ਬਾਰੇ ਲਗਾਤਾਰ ਦਾਅਵਾ ਕਰਦੇ ਆ ਰਹੇ ਹਨ ਕਿ ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ ਦੀ ਵਿਚੋਲਗੀ ਕੀਤੀ ਸੀ, ਅਤੇ ਉਨ੍ਹਾਂ ਨਾਲ ਵਪਾਰ ਬੰਦ ਕਰਨ ਦੀ ਧਮਕੀ ਵੀ ਦਿੱਤੀ ਸੀ। ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, ਇਸ ਵਾਰ ਟਰੰਪ ਨੇ 'ਆਪ੍ਰੇਸ਼ਨ ਸਿੰਦੂਰ' ਬਾਰੇ ਇੱਕ ਨਵਾਂ ਦਾਅਵਾ ਕੀਤਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਵਿੱਚ 'ਪੰਜ ਲੜਾਕੂ ਜਹਾਜ਼ਾਂ ਨੂੰ ਡੇਗ ਦਿੱਤਾ ਗਿਆ'। ਡੋਨਾਲਡ ਟਰੰਪ ਨੇ 18 ਜੁਲਾਈ ਨੂੰ ਕਿਹਾ, 'ਅਸੀਂ ਕਈ ਯੁੱਧ ਰੋਕ ਦਿੱਤਾ। ਮੈਨੂੰ ਲੱਗਦਾ ਹੈ ਕਿ ਅਸਲ ਵਿੱਚ ਪੰਜ ਜੈਟਾਂ ਨੂੰ ਡੇਗਿਆ ਗਿਆ ਸੀ। ਦੋਵੇਂ ਪ੍ਰਮਾਣੂ ਹਥਿਆਰਬੰਦ ਦੇਸ਼ ਹਨ ਅਤੇ ਇੱਕ ਦੂਜੇ 'ਤੇ ਹਮਲਾ ਕਰ ਰਹੇ ਸਨ। 'ਜੈਟਾਂ ਨੂੰ 'ਹਵਾ ਵਿੱਚ ਸੁੱਟੇ ਜਾਣ' ਦਾ ਉਸਦਾ ਵਰਣਨ 7 ਮਈ ਦੀ ਰਾਤ ਨੂੰ ਭਾਰਤੀ ਹਵਾਈ ਸੈਨਾ ਨੂੰ ਹੋਏ ਨੁਕਸਾਨ ਵੱਲ ਇਸ਼ਾਰਾ ਕਰਦਾ ਹੈ। ਪਹਿਲਾਂ ਪਾਕਿਸਤਾਨ ਨੇ ਵੀ ਭਾਰਤ ਦੇ 'ਪੰਜ ਲੜਾਕੂ ਜਹਾਜ਼ਾਂ ਨੂੰ ਡੇਗਣ' ਦਾ ਦਾਅਵਾ ਕੀਤਾ ਹੈ। ਹਾਲਾਂਕਿ, ਭਾਰਤ ਨੇ ਹਮੇਸ਼ਾ ਇਨ੍ਹਾਂ ਦਾਅਵਿਆਂ ਨੂੰ ਰੱਦ ਕੀਤਾ ਹੈ।

ਪਹਿਲੀ ਵਾਰ ਕਿਸੇ ਉੱਚ ਵਿਦੇਸ਼ੀ ਨੇਤਾ ਨੇ ਅਧਿਕਾਰਤ ਤੌਰ 'ਤੇ ਲੜਾਕੂ ਜਹਾਜ਼ਾਂ ਨੂੰ ਡੇਗਣ ਦਾ ਦਾਅਵਾ ਕੀਤਾ ਹੈ। ਜੇਕਰ ਇਹ ਸੱਚ ਹੈ, ਤਾਂ ਇਹ 1971 ਦੀ ਪਾਕਿਸਤਾਨ ਨਾਲ ਜੰਗ ਤੋਂ ਬਾਅਦ ਭਾਰਤੀ ਹਵਾਈ ਸੈਨਾ ਨੂੰ ਹੋਇਆ ਸਭ ਤੋਂ ਵੱਡਾ ਨੁਕਸਾਨ ਹੋਵੇਗਾ। ਅਮਰੀਕੀ ਰਾਸ਼ਟਰਪਤੀ ਦਾ ਇਹ ਜਨਤਕ ਬਿਆਨ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਸ ਮਹੱਤਵਪੂਰਨ ਮੁੱਦੇ 'ਤੇ ਮੋਦੀ ਸਰਕਾਰ ਵੱਲੋਂ ਕੋਈ ਰਸਮੀ ਜਾਣਕਾਰੀ ਨਹੀਂ ਦਿੱਤੀ ਗਈ ਹੈ। ਇਸ ਸਬੰਧ ਵਿੱਚ, ਨਾ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਨਾ ਹੀ ਕਿਸੇ ਕੇਂਦਰੀ ਮੰਤਰੀ ਨੇ ਦੇਸ਼ ਨੂੰ ਫੌਜੀ ਕਾਰਵਾਈ ਦੀ ਪਹਿਲੀ ਰਾਤ ਭਾਰਤੀ ਹਵਾਈ ਸੈਨਾ ਨੂੰ ਹੋਏ ਨੁਕਸਾਨ ਬਾਰੇ ਦੱਸਿਆ ਹੈ। ਹਾਲਾਂਕਿ, ਚਾਰ ਉਦਾਹਰਣਾਂ ਹਨ ਜਿੱਥੇ ਸੀਨੀਅਰ ਭਾਰਤੀ ਅਧਿਕਾਰੀਆਂ ਨੇ ਉਸ ਰਾਤ ਹੋਏ ਨੁਕਸਾਨ ਨੂੰ ਸਵੀਕਾਰ ਕੀਤਾ ਹੈ, ਪਰ ਨੁਕਸਾਨ ਦੀ ਗੰਭੀਰਤਾ ਦਾ ਜ਼ਿਕਰ ਨਹੀਂ ਕੀਤਾ ਹੈ। ਇਨ੍ਹਾਂ ਅਧਿਕਾਰੀਆਂ ਵਿੱਚ ਭਾਰਤ ਦੇ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ, ਏਅਰ ਆਪਰੇਸ਼ਨਜ਼ ਦੇ ਡਾਇਰੈਕਟਰ ਜਨਰਲ ਏਅਰ ਮਾਰਸ਼ਲ ਏ.ਕੇ. ਭਾਰਤੀ, ਇੰਡੋਨੇਸ਼ੀਆ ਵਿੱਚ ਰੱਖਿਆ ਅਟੈਚੀ (ਭਾਰਤੀ ਜਲ ਸੈਨਾ) ਕੈਪਟਨ ਸ਼ਿਵ ਕੁਮਾਰ ਅਤੇ ਰੱਖਿਆ ਸਕੱਤਰ ਆਰ.ਕੇ. ਸਿੰਘ ਸ਼ਾਮਲ ਹਨ।

ਇਸ ਤੋਂ ਇਲਾਵਾ, ਦ ਇਕਨਾਮਿਸਟ ਦੀ ਰਿਪੋਰਟ ਦੇ ਅਨੁਸਾਰ, 'ਵਿਦੇਸ਼ੀ ਫੌਜੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਟਕਰਾਅ ਦੌਰਾਨ ਪੰਜ ਭਾਰਤੀ ਜਹਾਜ਼ ਤਬਾਹ ਹੋ ਗਏ ਸਨ, ਜਿਨ੍ਹਾਂ ਵਿੱਚ ਘੱਟੋ-ਘੱਟ ਇੱਕ ਰਾਫੇਲ ਵੀ ਸ਼ਾਮਲ ਸੀ।'


GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate



ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਨਿੱਜੀ ਫੇਰੀ ‘ਤੇ ਪਹੁੰਚੇ ਕੈਨੇਡਾ



ਵੈਨਕੂਵਰ (ਬਰਾੜ-ਭਗਤਾ ਭਾਈ ਕਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨੌਜਵਾਨ ਗੁਰਪ੍ਰੀਤ ਸਿੰਘ ਝੱਬਰ ਪਰਿਵਾਰ ਸਮੇਤ ਆਪਣੀ ਨਿੱਜੀ ਫੇਰੀ ਦੌਰਾਨ ਕੈਨੇਡਾ ਪਹੁੰਚੇ ਹਨ। ਵੈਨਕੂਵਰ ਦੇ ਹਵਾਈ ਅੱਡੇ ‘ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਸਮੇਂ ਉਹ ਸਰੀ ਵਿਖੇ ਮਹਾਂਵੀਰ ਸਿੰਘ ਖਾਲਸਾ ਕੋਲ ਠਹਿਰੇ ਹੋਏ ਹਨ ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਆਪਣੀ ਨਿੱਜੀ ਫੇਰੀ ‘ਤੇ ਆਏ ਹਨ ਜਿਸ ਕਰਕੇ ਉਹ ਸ਼੍ਰੋਮਣੀ ਕਮੇਟੀ ਬਾਰੇ, ਪੰਜਾਬ ਜਾਂ ਭਾਰਤ ਸਰਕਾਰ ਬਾਰੇ ਅਜਿਹਾ ਕੁਝ ਨਹੀਂ ਕਹਿਣਾ ਚਾਹੁੰਦੇ, ਜਿਸ ਨਾਲ ਉਹ ਕਿਸੇ ਤਰਾਂ ਦੇ ਵਿਵਾਦਾਂ ‘ਚ ਘਿਰ ਜਾਣ। ਉਨ੍ਹਾਂ ਕਿਹਾ ਕਿ ਉਹ ਧਾਰਮਿਕ ਵਿਸ਼ਿਆਂ ‘ਤੇ ਗੁਰਬਾਣੀ ਬਾਰੇ ਅਤੇ ਸਿੱਖੀ ਬਾਰੇ ਜ਼ਰੂਰ ਗੱਲਬਾਤ ਕਰ ਸਕਦੇ ਹਨ। ਪੰਜਾਬ ਵਿੱਚ ਉਨ੍ਹਾਂ ਨੇ ਹਰ ਵਰਗ ਉਮਰ ਨੂੰ ਸਿੱਖੀ ਨਾਲ ਜੋੜਣ ਦੇ ਯਤਨਾਂ ਉਪਰੰਤ ਗੁਰਬਾਣੀ ਪੜ੍ਹਣ ਦੀ ਪ੍ਰੇਰਣਾ ਨੂੰ ਵੀ ਪ੍ਰਫੁੱਲਤ ਕਰਨ ਲਈ ਮਿਹਨਤ ਕਰ ਰਹੇ ਹਨ। ਖ਼ਾਸ ਕਰਕੇ ਉਹ ਛੋਟੇ ਬੱਚਿਆਂ ਨੂੰ ਸਿੱਖੀ ਸਿਧਾਂਤਾਂ ਬਾਰੇ ਜਾਣਕਾਰੀ ਦੇਣ ਦੇ ਮਿਸ਼ਨ ਨੂੰ ਬੜੀ ਮਿਹਨਤ ਨਾਲ ਅੱਗੇ ਤੋਰ ਰਹੇ ਹਨ। ਉਨ੍ਹਾਂ ਨਾਲ ਸੰਪਰਕ ਕਰਨ ਲਈ ਉਨ੍ਹਾਂ ਦੇ ਵਟਸਐਪ ਨੰਬਰ +91 98724-53111 ਜਾਂ +1-604-499-4717 ਨੰਬਰ ‘ਤੇ ਮਹਾਂਵੀਰ ਸਿੰਘ ਨਾਲ ਸੰਪਰਕ ਕੀਤਾ ਜਾਵੇ ਸਕਦਾ ਹੈ।













# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

25 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਪ੍ਰਕ੍ਰਿਤੀ ਭਾਟੀਆ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।
26 ਜੁਲਾਈ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਜਗਦੇਵ ਸਿੰਘ ਭੰਗੂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ
27 ਜੁਲਾਈ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।
28 ਜੁਲਾਈ ਦਿਨ ਸੋਮਵਾਰ ਜੌਹਲ ਪਰਿਵਾਰ ਵੱਲੋਨ ਰਣਜੀਤ ਕੌਰ ਜੌਹਲ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਅੰਤਿਮ ਅਰਦਾਸ ਹੋਵੇਗੀ।
31 ਜੁਲਾਈ ਦਿਨ ਵੀਰਵਾਰ ਸਵੇਰੇ 10 ਵਜੇ ਸੁਖਵਿੰਦਰ ਨਿਲਵੀ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।
1 ਅਗਸਤ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਜਗਤਾਰ ਸਿੰਘ ਨਿੱਜਰ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।
2 ਅਗਸਤ ਦਿਨ ਸ਼ਨੀਵਾਰ ਸਵੇਰੇ 10 ਵਜੇ ਇਸ਼ਪ੍ਰੀਤ ਰਤਨ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।
3 ਅਗਸਤ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ,ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।
6 ਅਗਸਤ ਦਿਨ ਬੁੱਧਵਾਰ ਸਵੇਰੇ 10 ਵਜੇ ਦਲਜੀਤ ਕੌਰ ਮਾਂਗਟ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।
7 ਅਗਸਤ ਦਿਨ ਵੀਰਵਾਰ ਸਵੇਰੇ 10 ਵਜੇ ਸ਼ੌਨ ਗਿੱਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ

**11 ਸਤੰਬਰ, 2025 ਦਿਨ ਵੀਰਵਾਰ ਆਨੰਦ ਕਾਰਜ ਲਈ ਤਰੀਕਾਂ ਖਾਲੀ ਹਨ। ਆਨੰਦ ਕਾਰਜ ਬੁੱਕ ਕਰਨ ਲਈ ਸੰਪਰਕ ਕਰੋ ਜੀ**

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ। ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ 7 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਰਹੀਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

**ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ**

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

**ਗੁਰਦੁਆਰਾ ਸਾਹਿਬ ਦਾ ਫੋਨ:604-274-7479**

Email:iccc8600@gmail.com

# ਕੈਨੇਡਾ ਵਿੱਚੋਂ ਗ੍ਰਿਫ਼ਤਾਰ ਹੋਣਗੇ ਪਵਿੱਤਰ ਮਾਝਾ ਗੈਂਗ ਦੇ ਮੈਂਬਰ



ਸੈਕਰਾਮੈਂਟੋ:ਅਮਰੀਕਾ ਵਿਚ ਪਵਿੱਤਰ ਮਾਝਾ ਗੈਂਗ ਦੇ ਅੱਠ ਮੈਂਬਰਾਂ ਦੀ ਗ੍ਰਿਫ਼ਤਾਰੀ ਮਗਰੋਂ ਕੈਨੇਡਾ ਅਤੇ ਨਿਊਜ਼ੀਲੈਂਡ ਵਿਚ ਵੀ ਗਿਰੋਹ ਦੇ ਸਰਗਰਮ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦਾ ਕਹਿਣਾ ਹੈ ਕਿ ਕੈਨੇਡਾ ਵਿਚੋਂ ਗਿਰੋਹ ਦੇ ਮੈਂਬਰਾਂ ਦੀ ਗ੍ਰਿਫ਼ਤਾਰੀ ਲਈ ਕੈਨੇਡੀਅਨ ਲਾਅ ਐਨਫੋਰਸਮੈਂਟ ਏਜੰਸੀਆਂ ਤੋਂ ਮਦਦ ਮੰਗੀ ਗਈ ਹੈ ਅਤੇ ਇਸ ਦੇ ਨਾਲ ਅਮਰੀਕਾ ਵਿਚ ਵੀ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਸਨ।ਦੂਜੇ ਪਾਸੇ ਜਾਂਚਕਰਤਾਵਾਂ ਨੇ ਅਮਰੀਕਾ ਵਿਚ ਵਸਦੇ ਪੰਜਾਬੀ ਭਾਈਚਾਰੇ ਨੂੰ ਅੱਗੇ ਆਉਣ ਅਤੇ ਮਾਮਲੇ ਦੀ ਪੜਤਾਲ ਵਿਚ ਵੱਧ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।ਅਮਰੀਕਾ ਅਤੇ ਅਮਰੀਕਾ ਵਾਸੀਆਂ ਨੂੰ ਸੁਰੱਖਿਅਤ ਰੱਖਣ ਲਈ ਆਪਸੀ ਤਾਲਮੇਲ ਬੇਹੱਦ ਜ਼ਰੂਰੀ ਹੈ।19 ਜੂਨ ਨੂੰ ਵਾਪਰੀ ਇਕ ਹੌਲਨਾਕ ਵਾਰਦਾਤ ਦੀ ਪੜਤਾਲ ਕਰ ਰਹੇ ਪੁਲਿਸ ਅਫ਼ਸਰਾਂ ਨੇ ਪਵਿੱਤਰ ਮਾਝਾ ਗਰੁੱਪ ਦਾ ਪਰਦਾ ਫ਼ਾਸ਼ ਕੀਤਾ। ਮੈਨਟੀਕਾ ਵਿਖੇ ਵਾਪਰੀ ਵਾਰਦਾਤ ਬਾਰੇ ਪੀੜਤ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਅਗਵਾ ਕਰਨ ਮਗਰੋਂ ਅਲਫ਼ ਨੰਗਾ ਕਰ ਦਿਤਾ ਗਿਆ ਅਤੇ ਲਗਾਤਾਰ ਤਸੀਹੇ ਦਿਤੇ ਗਏ। ਇਹ ਸਿਲਸਿਲਾ ਕਈ ਘੰਟੇ ਤੱਕ ਜਾਰੀ ਰਿਹਾ। ਤਿੰਨ ਹਫ਼ਤੇ ਬਾਅਦ ਵਾਰਦਾਤ ਦੇ ਸ਼ੱਕੀ ਪੁਲਿਸ ਨੇ ਕਾਬੂ ਕਰ ਲਏ ਜਿਨ੍ਹਾਂ ਵਿਰੁੱਧ ਅਗਵਾ, ਤਸੀਹਦੇ ਦੇਣ, ਜ਼ਬਰਦਸਤੀ ਬੰਦੀ ਬਣਾਉਣ, ਅਪਰਾਧ ਦੀ ਸਾਜ਼ਿਸ਼ ਘੜਨ, ਗਵਾਹ ਨੂੰ ਡਰਾਉਣ, ਸੈਮੀਆਟੋਮੈਟਿਕ ਹਥਿਆਰ ਨਾਲ ਹਮਲਾ ਕਰਨ ਅਤੇ ਦਹਿਸ਼ਤ ਭਰੀਆਂ ਧਮਕੀਆਂ ਦੇਣ ਦੇ ਦੋਸ਼ ਆਇਦ ਕੀਤੇ ਗਏ ਹਨ।


www.deltondentures.com

DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

"We accept CANADIAN DENTAL CARE PLAN for Dentures"

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

WE ARE DENTURISTS

CONSUMER CHOICE AWARD 2018 VANCOUVER

Business Category Denturist

ਅਸੀਂ ਜੁਬਾੜੇ ਬਣਾਉਂਦੇ ਹਾਂ

Get a Beautiful Smile





Chris Kozakiewicz

BSc., R.D.

Mon-Fri: 9am-5pm, Saturdays By Appointment

Scott 72 Shopping Centre

#209- 7313-120th St., Delta ( Above London Drugs & Staples )

604.590.1111



• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ

• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ

ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ




ਸੇਵਾਵਾਂ :
- ਜਾੜ ਭਰਨੀ
- ਦੰਦ ਕੱਢਣੇ
- ਕਰਾਊਨ ਤੇ ਬ੍ਰਿਜ
- ਡਿਜੀਟਲ ਐਕਸਰੇ
- ਵਾਈਟ ਫਿਲਿੰਗਸ
- ਦੰਦਾਂ ਦੀ ਸਫਾਈ ਅਤੇ ਚੈੱਕਅੱਪ

SERVICES:
- Extractions
- White Fillings
- Root Canals
- Crown & Bridge
- Digital X-Rays
- Teeth Cleaning & Checkup

- All Major Insurance Plans Accepted
- Punjabi, Hindi, Urdu Spoken
- New Patients Welcome

Evening & Weekend Appointment Available

Practising For Over 10 Years

ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ

EVERSHINE FAMILY DENTISTRY

ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ




604.593.6515

#111 - 7130 120th Street, Surrey, BC

Near Guru Nanak Sikh Gurdwara
Ground Floor of Satnam Plaza

(FREE AMPLE PARKING)



Dr. Anjanpal Kaur Bhalla

www.evershinedental.ca

ਡਾ. ਅੰਜਨਪਾਲ ਕੌਰ ਭੱਲਾ



"This wave is about action - real action, commitment, and service
Dr. Anna Stewart Ibarra
Executive Director of the Inter-American Institute for Global Change Research, Panama



"Connecting hearts will heal the wounds of this world and make the world really beautiful.
Sant Baba Baldev Singh Ji



"The first commitment to peace is to find peace within.
Dr. Luigi De Salvia
President of Religions for Peace Italia, Rome, Italy. MD Ophthalmologist.



"Humanity needs to move again on the road of peace and unity.
Mayor Michele Guerra of Parma Italy



THE WAVE

ਨਿਮਰਤਾ, ਦਇਆ ਅਤੇ ਪ੍ਰੇਮ ਦੀ ਲਹਿਰ

ਅਗਸਤ 2, 2025

ਐਬਟਸਫੋਰਡ ਸੈਂਟਰ

33800 King Rd, Abbotsford, BC





ਅਗਸਤ 2, 2025

ਆਓ ਅਸੀਂ ਨਿਮਰਤਾ, ਦਇਆ ਅਤੇ ਪ੍ਰੇਮ ਦੀ ਭਾਵਨਾ ਨਾਲ ਇਕੱਠੇ ਹੋਈਏ- ਇਨ੍ਹਾਂ ਗੁਣਾਂ ਨੂੰ ਜੀਉਂਦੇ ਹੋਏ ਕਰਮ, ਮਨਣ ਅਤੇ ਅਭਿਆਸ ਰਾਹੀਂ ਸਾਂਝਾ ਕਰੀਏ। ਨਿਮਰਤਾ ਨਾਲ ਗੁਸਾ ਦੂਰ ਹੋ ਜਾਂਦਾ ਹੈ, ਦਇਆ ਨਾਲ ਲਾਲਚ ਨੂੰ ਹਰਾ ਦਿੱਤਾ ਜਾਂਦਾ ਹੈ ਅਤੇ ਪ੍ਰੇਮ ਨਾਲ ਡਰ ਖਤਮ ਹੋ ਜਾਂਦਾ ਹੈ। ਇਕੱਠੇ ਮਿਲ ਕੇ ਅਸੀਂ ਆਪਣੇ ਘਰਾਂ, ਆਪਣੀ-ਆਂ ਭਾਈਚਾਰਕ ਥਾਵਾਂ ਅਤੇ ਪੂਰੀ ਦੁਨੀਆਂ ਨੂੰ ਵਾਸਤਵ ਵਿੱਚ ਸੁੰਦਰ ਥਾਵਾਂ ਬਣਾ ਸਕਦੇ ਹਾਂ।

To learn more and RSVP please scan the QR Code!

ਕੋਈ ਦਾਖਲਾ ਫੀਸ ਨਹੀ

ਲਾਈਵ ਮਿਊਜ਼ਿਕ

ਮੁਫ਼ਤ ਲੰਚ

ਪਿਛਲੇ ਇਵੈਂਟ ਤੇ...

3500+ ATTENDEES

113,000+ LIVE STREAMS

14 SPEAKERS

ATTENDEES FROM 32 COUNTRIES

Humility Kindness & Love Foundation - a 501(c)(3) Nonprofit Organization. | Instagram: @HKL_org | www.HKL.org | Email: info@HKL.org

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

ਇਸ ਹਫਤੇ ਗੁਰੂਘਰ ਵਿਖੇ ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਮੀਰੀ ਪੀਰੀ ਦਿਵਸ, ਸ਼ਹੀਦੀ ਭਾਈ ਅਵਤਾਰ ਸਿੰਘ ਬ੍ਰਹਮਾ ਅਤੇ ਭਾਈ ਬਰਜਿੰਦਰ ਸਿੰਘ ਪੰਜਵੜ ਮਨਾਏ ਜਾਣਗੇ।

*23 ਜੁਲਾਈ ਦਿਨ ਬੁੱਧਵਾਰ ਸੁਖਮਨੀ ਸਾਹਿਬ ਦੇ ਪਾਠ ਭਾਈ ਕਬੀਰ ਸਿੰਘ ਪਰਿਵਾਰ ਵੱਲੋਂ ਕਰਵਾਏ ਜਾਣਗੇ।
*24 ਜੁਲਾਈ ਦਿਨ ਵੀਰਵਾਰ ਸ੍ਰੀ ਅਖੰਡ ਪਾਠ ਸਾਹਿਬ ਭਾਈ ਜਗਰੂਪ ਸਿੰਘ ਗਿੱਲ ਪਰਿਵਾਰ ਵੱਲੋਂ ਆਰੰਭ ਕਰਵਾਏ ਜਾਣਗੇ
*24 ਜੁਲਾਈ ਦਿਨ ਵੀਰਵਾਰ ਸੁਖਮਨੀ ਸਾਹਿਬ ਬੀਬੀ ਹਰਦੀਪ ਕੌਰ ਪਰਿਵਾਰ ਵੱਲੋਂ ਕਰਵਾਏ ਜਾਣਗੇ।
*25 ਜੁਲਾਈ ਦਿਨ ਸ਼ੁੱਕਰਵਾਰ 5 ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ: (1)ਬਰਸੀ ਸੰਤ ਬਾਬਾ ਗੰਗਾ ਰਾਮ ਪਿੰਡ ਸੈਦੋ ਕੇ ਸੰਗਤ ਵੱਲੋਂ (2) ਭਾਈ ਸੁਖਦੇਵ ਸਿੰਘ ਧਾਮੀ ਪਰਿਵਾਰ ਵੱਲੋਂ (3) ਭਾਈ ਜਗਦੀਪ ਸਿੰਘ ਪਰਿਵਾਰ ਵੱਲੋਂ (4) ਭਾਈ ਕੁਲਵਿੰਦਰ ਸਿੰਘ ਗਿੱਲ ਪਰਿਵਾਰ ਵੱਲੋਂ (5)ਭਾਈ ਅਮਰਜੀਤ ਸਿੰਘ ਕੁਲਾਰ ਪਰਿਵਾਰ ਵੱਲੋਂ
*26 ਜੁਲਾਈ ਦਿਨ ਸ਼ਨਿੱਚਰਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰਾਂ ਦੀ ਸੇਵਾ ਹੋਵੇਗੀ:(1)ਭਾਈ ਮਨਦੀਪ ਸਿੰਘ(2) ਬੀਬੀ ਕਮਲਜੀਤ ਕੌਰ
*27 ਜੁਲਾਈ ਦਿਨ ਐਤਵਾਰ 3 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰਾਂ ਦੀ ਸੇਵਾ ਹੋਵੇਗੀ:(1) ਭਾਈ ਸੁਖਰਾਜ ਸਿੰਘ (2) ਭਾਈ ਰਾਜਪਾਲ ਸਿੰਘ (3) ਬੀਬੀ ਪਰਦੀਪ ਕੌਰ ਪਰਿਵਾਰ
*28 ਜੁਲਾਈ ਦਿਨ ਸੋਮਵਾਰ ਅਨੰਦ ਕਾਰਜ ਬੀਬਾ ਕਿਰਨਜੀਤ ਕੌਰ

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

## (ਮੁੱਖ ਪੰਨੇ ਦੀ ਬਾਕੀ)

ਵੋਟ ਦਾ ਹੱਕ ਖੋਹ ਜਾਣ ਦਾ ਡਰ ਹੈ!

**ਦੂਜੀ ਗਲਤ ਧਾਰਨਾ:** ਇਸ ਤਰ੍ਹਾਂ ਦੀ ਸੋਧ ਪਹਿਲਾਂ ਦਸ ਵਾਰ ਕੀਤੀ ਜਾ ਚੁੱਕੀ ਹੈ, ਇਸ ਵਿੱਚ ਕੁਝ ਵੀ ਨਵਾਂ ਨਹੀਂ ਹੈ।

ਤੱਥ: ਨਹੀਂ। ਇਸ ਵਾਰ ਜੋ ਹੋ ਰਿਹਾ ਹੈ ਉਹ ਬੇਮਿਸਾਲ ਹੈ।ਵੋਟਰ ਸੂਚੀ ਦੇ ਕੰਪਿਊਟਰੀਕਰਨ ਤੋਂ ਬਾਅਦ, ਵਾਰ-ਵਾਰ ਨਵੀਂ ਸੂਚੀ ਤਿਆਰ ਕਰਨ ਦੀ ਕੋਈ ਲੋੜ ਨਹੀਂ ਸੀ।ਇਹ 22 ਸਾਲਾਂ ਵਿੱਚ ਪਹਿਲੀ ਵਾਰ ਹੋ ਰਿਹਾ ਹੈ।ਪਹਿਲਾਂ ਕਦੇ ਵੀ ਵੋਟਰਾਂ ਤੋਂ ਨਾਗਰਿਕਤਾ ਸਾਬਤ ਕਰਨ ਲਈ ਦਸਤਾਵੇਜ਼ ਨਹੀਂ ਮੰਗੇ ਗਏ ਸਨ। ਚੋਣਾਂ ਤੋਂ ਚਾਰ ਮਹੀਨੇ ਪਹਿਲਾਂ ਕਦੇ ਵੀ ਨਵੀਂ ਸੂਚੀ ਤਿਆਰ ਨਹੀਂ ਕੀਤੀ ਗਈ ਸੀ।

**ਤੀਜੀ ਗਲਤ ਧਾਰਨਾ:** ਬਿਹਾਰ ਦੀ ਵੋਟਰ ਸੂਚੀ ਵਿੱਚ ਬਹੁਤ ਸਾਰੀਆਂ ਗਲਤੀਆਂ ਸਨ, ਇਸ ਲਈ ਇਹ ਕਰਨਾ ਪਿਆ।

ਤੱਥ: ਨਹੀਂ। ਸਿਰਫ਼ ਛੇ ਮਹੀਨੇ ਪਹਿਲਾਂ, ਬਿਹਾਰ ਦੀ ਪੂਰੀ ਵੋਟਰ ਸੂਚੀ ਨੂੰ ਸੋਧਿਆ ਗਿਆ ਸੀ। ਲੱਖਾਂ ਨਾਮ ਜੋੜੇ ਅਤੇ ਮਿਟਾ ਦਿੱਤੇ ਗਏ ਸਨ। ਸੋਧੀ ਹੋਈ ਸੂਚੀ ਜਨਵਰੀ ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ। ਉਨ੍ਹਾਂ ਵਿੱਚੋਂ ਕਿਸੇ ਵਿੱਚ ਵੀ ਕੋਈ ਵੱਡੀ ਗਲਤੀ ਦੀ ਸ਼ਿਕਾਇਤ ਨਹੀਂ ਕੀਤੀ ਗਈ ਸੀ। ਬਾਕੀ ਕਮੀਆਂ ਲਈ ਲਗਾਤਾਰ ਸੋਧ ਜਾਰੀ ਸੀ।ਜੇਕਰ ਲੋੜ ਹੁੰਦੀ, ਤਾਂ ਉਸ ਸੂਚੀ ਦੀ ਇੱਕ ਹੋਰ ਸੋਧ ਕੀਤੀ ਜਾ ਸਕਦੀ ਸੀ। ਉਸ ਸੂਚੀ ਨੂੰ ਰੱਦ ਕਰਨ ਅਤੇ ਨਵੀਂ ਤਿਆਰ ਕਰਨ ਦੀ ਕੋਈ ਮੰਗ ਜਾਂ ਜ਼ਰੂਰਤ ਨਹੀਂ ਸੀ।

**ਚੌਥੀ ਗਲਤ ਧਾਰਨਾ:** ਜਿਨ੍ਹਾਂ ਦੇ ਨਾਮ 2003 ਦੀ ਵੋਟਰ ਸੂਚੀ ਵਿੱਚ ਸਨ, ਉਨ੍ਹਾਂ ਨੂੰ ਕੁਝ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ।

ਤੱਥ: ਨਹੀਂ।ਹਰ ਵਿਅਕਤੀ ਨੂੰ ਨਵਾਂ ਫਾਰਮ ਭਰਨਾ ਪਵੇਗਾ।ਜਿਨ੍ਹਾਂ ਦਾ ਨਾਮ ਜਨਵਰੀ 2025 ਦੀ ਸੂਚੀ ਵਿੱਚ ਇੱਕੋ ਜਿਹਾ ਹੈ (ਉਹੀ ਪੂਰਾ ਨਾਮ, ਉਹੀ ਪਿਤਾ ਦਾ ਨਾਮ, ਉਹੀ ਪਤਾ) ਜਿਵੇਂ ਕਿ 2003 ਦੀ ਸੂਚੀ ਵਿੱਚ ਸੀ, ਉਨ੍ਹਾਂ ਨੂੰ ਸਿਰਫ਼ ਇਹ ਛੋਟ ਮਿਲੇਗੀ ਕਿ ਉਨ੍ਹਾਂ ਨੂੰ ਆਪਣੀ ਜਨਮ ਮਿਤੀ ਅਤੇ ਜਨਮ ਸਥਾਨ ਦਾ ਸਬੂਤ ਜਮ੍ਹਾ ਨਹੀਂ ਕਰਨਾ ਪਵੇਗਾ। ਪਰ ਉਹਨਾਂ ਨੂੰ ਫੋਟੋ ਅਤੇ ਦਸਤਖਤ ਵਾਲਾ ਫਾਰਮ ਵੀ ਭਰਨਾ ਪਵੇਗਾ, ਅਤੇ 2003 ਦੀ ਸੂਚੀ ਵਿੱਚੋਂ ਆਪਣੇ ਨਾਮ ਵਾਲੇ ਪੰਨੇ ਦੀ ਇੱਕ ਫੋਟੋਕਾਪੀ ਨੱਥੀ ਕਰਨੀ ਪਵੇਗੀ।

**ਪੰਜਵੀਂ ਮਿੱਥ:** ਸਰਟੀਫਿਕੇਟ ਸਿਰਫ਼ ਉਨ੍ਹਾਂ ਤੋਂ ਹੀ ਮੰਗਿਆ ਜਾਵੇਗਾ ਜਿਨ੍ਹਾਂ ਦੀ ਨਾਗਰਿਕਤਾ ਸ਼ੱਕੀ ਹੈ।

ਸੱਚ: ਨਹੀਂ।ਉਹ ਸਾਰੇ ਜਿਨ੍ਹਾਂ ਦੇ ਨਾਮ 2003 ਦੀ ਸੂਚੀ ਵਿੱਚ ਨਹੀਂ ਸਨ, ਉਨ੍ਹਾਂ ਨੂੰ ਫਾਰਮ ਭਰਨਾ ਪਵੇਗਾ ਅਤੇ ਸਰਟੀਫਿਕੇਟ ਵੀ ਨੱਥੀ ਕਰਨੇ ਪੈਣਗੇ। ਜਿਨ੍ਹਾਂ ਦਾ ਜਨਮ 1 ਜੁਲਾਈ 1987 ਤੋਂ ਪਹਿਲਾਂ ਹੋਇਆ ਸੀ, ਉਨ੍ਹਾਂ ਨੂੰ ਸਿਰਫ਼ ਆਪਣੀ ਜਨਮ ਮਿਤੀ ਅਤੇ ਜਨਮ ਸਥਾਨ ਦਾ ਸਬੂਤ ਦੇਣਾ ਪਵੇਗਾ।ਜਿਨ੍ਹਾਂ ਦਾ ਜਨਮ 1 ਜੁਲਾਈ 1987 ਤੋਂ 2 ਦਸੰਬਰ 2004 ਦੇ ਵਿਚਕਾਰ ਹੋਇਆ ਸੀ, ਉਨ੍ਹਾਂ ਨੂੰ ਆਪਣੇ ਜਾਂ ਆਪਣੇ ਮਾਪਿਆਂ ਵਿੱਚੋਂ ਕਿਸੇ ਇੱਕ ਦੇ ਸਰਟੀਫਿਕੇਟ ਦੇਣੇ ਪੈਣਗੇ। ਜਿਨ੍ਹਾਂ ਦਾ ਜਨਮ 2 ਦਸੰਬਰ 2004 ਤੋਂ ਬਾਅਦ ਹੋਇਆ ਸੀ, ਉਨ੍ਹਾਂ ਨੂੰ ਆਪਣੇ ਅਤੇ ਆਪਣੀ ਮਾਂ ਅਤੇ ਪਿਤਾ ਦੋਵਾਂ ਦੇ ਸਰਟੀਫਿਕੇਟ ਦੇਣੇ ਪੈਣਗੇ। ਜੇਕਰ ਮਾਂ ਅਤੇ ਪਿਤਾ ਦਾ ਨਾਮ 2003 ਦੀ ਸੂਚੀ ਵਿੱਚ ਸੀ, ਤਾਂ ਉਨ੍ਹਾਂ ਦੇ ਸਰਟੀਫਿਕੇਟ ਲਈ ਉਸ ਪੰਨੇ ਦੀ ਇੱਕ ਫੋਟੋਕਾਪੀ ਕਾਫ਼ੀ ਹੋਵੇਗੀ, ਪਰ ਫਿਰ ਵੀ ਬਿਨੈਕਾਰ ਨੂੰ ਆਪਣੀ ਜਨਮ ਮਿਤੀ ਅਤੇ ਜਨਮ ਸਥਾਨ ਦਾ ਸਬੂਤ ਨੱਥੀ ਕਰਨਾ ਪਵੇਗਾ।

**ਛੇਵੀਂ ਮਿੱਥ:**ਚੋਣ ਕਮਿਸ਼ਨ ਨੇ ਨਾਗਰਿਕਤਾ ਸਰਟੀਫਿਕੇਟ ਲਈ ਬਹੁਤ ਸਾਰੇ ਵਿਕਲਪ ਦਿੱਤੇ ਹਨ, ਕੋਈ ਨਾ ਕੋਈ ਦਸਤਾਵੇਜ਼ ਹਰ ਘਰ ਵਿੱਚ ਮਿਲੇਗਾ।

ਸੱਚਾਈ: ਨਹੀਂ। ਚੋਣ ਕਮਿਸ਼ਨ ਕਿਸੇ ਵੀ ਪਛਾਣ ਜਾਂ ਸਰਟੀਫਿਕੇਟ ਨੂੰ ਸਵੀਕਾਰ ਨਹੀਂ ਕਰੇਗਾ ਜੋ ਆਮ ਤੌਰ 'ਤੇ ਹਰ ਘਰ ਵਿੱਚ ਮਿਲਦੇ ਹਨ - ਨਾ ਆਧਾਰ ਕਾਰਡ, ਨਾ ਰਾਸ਼ਨ ਕਾਰਡ, ਨਾ ਚੋਣ ਕਮਿਸ਼ਨ ਪਛਾਣ ਪੱਤਰ, ਨਾ ਹੀ ਮਨਰੇਗਾ ਜੌਬ ਕਾਰਡ। ਚੋਣ ਕਮਿਸ਼ਨ ਨੇ ਜਿਨ੍ਹਾਂ 11 ਸਰਟੀਫਿਕੇਟਾਂ ਨੂੰ ਸਵੀਕਾਰ ਕੀਤਾ ਹੈ, ਉਨ੍ਹਾਂ ਵਿੱਚੋਂ ਕੁਝ ਬਿਹਾਰ 'ਤੇ ਲਾਗੂ ਨਹੀਂ ਹਨ ਜਾਂ ਕਿਤੇ ਵੀ ਨਹੀਂ ਦਿਖਾਈ ਦਿੰਦੇ ਹਨ। ਕੁਝ ਸਿਰਫ ਕੁਝ ਲੋਕਾਂ ਕੋਲ ਹਨ, ਜਿਵੇਂ ਕਿ ਪਾਸਪੋਰਟ (2.4 ਪ੍ਰਤੀਸ਼ਤ), ਜਨਮ ਸਰਟੀਫਿਕੇਟ (2.8 ਪ੍ਰਤੀਸ਼ਤ), ਸਰਕਾਰੀ ਨੌਕਰੀ ਜਾਂ ਪੈਨਸ਼ਨਰ ਪਛਾਣ ਪੱਤਰ (5 ਪ੍ਰਤੀਸ਼ਤ) ਜਾਂ ਜਾਤੀ ਸਰਟੀਫਿਕੇਟ (16 ਪ੍ਰਤੀਸ਼ਤ) ਆਮ ਘਰਾਂ ਵਿੱਚ ਨਹੀਂ ਮਿਲਦੇ।ਸਿਰਫ ਮੈਟ੍ਰਿਕ ਜਾਂ ਡਿਗਰੀ ਸਰਟੀਫਿਕੇਟ ਬਚਿਆ ਹੈ ਜੋ ਬਿਹਾਰ ਦੇ ਅੱਧੇ ਤੋਂ ਘੱਟ ਲੋਕਾਂ ਕੋਲ ਹੈ।

**ਸੱਤਵੀਂ ਮਿੱਥ:** ਨਿਯਮ ਸਾਰਿਆਂ ਲਈ ਬਰਾਬਰ ਹਨ, ਇਸ ਵਿੱਚ ਕੋਈ ਵਿਤਕਰਾ ਨਹੀਂ ਹੈ।

ਸੱਚਾਈ: ਨਹੀਂ। ਉਹ ਸਿਰਫ ਸ਼ਬਦਾਂ ਵਿੱਚ ਬਰਾਬਰ ਹਨ, ਪਰ ਅਸਲ ਵਿੱਚ ਉਨ੍ਹਾਂ ਲੋਕਾਂ ਨਾਲ ਵਿਤਕਰਾ ਹੈ ਜਿਨ੍ਹਾਂ ਨੂੰ ਜ਼ਿੰਦਗੀ ਵਿੱਚ ਪੜ੍ਹਾਈ ਦਾ ਮੌਕਾ ਨਹੀਂ ਮਿਲਿਆ। ਇਸਦਾ ਪ੍ਰਭਾਵ ਇਹ ਹੋਵੇਗਾ ਕਿ ਔਰਤਾਂ, ਗਰੀਬ, ਪ੍ਰਵਾਸੀ ਮਜ਼ਦੂਰ ਅਤੇ ਦਲਿਤ-ਕਬਾਇਲੀ ਪਛੜੇ ਵਰਗ ਦੇ ਲੋਕ ਸਰਟੀਫਿਕੇਟ ਦੇਣ ਵਿੱਚ ਪਛੜ ਜਾਣਗੇ ਅਤੇ ਉਨ੍ਹਾਂ ਦੀਆਂ ਵੋਟਾਂ ਕੱਟ ਦਿੱਤੀਆਂ ਜਾਣਗੀਆਂ। ਨਾਗਰਿਕਤਾ ਲਈ ਸਿੱਖਿਅਤ ਹੋਣਾ ਇੱਕ ਸ਼ਰਤ ਬਣ ਜਾਵੇਗਾ।

**ਅੱਠਵੀਂ ਮਿੱਥ:** ਚੋਣ ਕਮਿਸ਼ਨ ਨੇ ਤਿੰਨ ਮਹੀਨੇ ਦਾ ਸਮਾਂ ਦਿੱਤਾ ਹੈ, ਸਾਰਿਆਂ ਦਾ ਨਾਮ ਸ਼ਾਮਲ ਕੀਤਾ ਜਾਵੇਗਾ।

ਸੱਚ: ਨਹੀਂ। ਅਸਲ ਸਮਾਂ ਸਿਰਫ਼ ਇੱਕ ਮਹੀਨਾ ਹੈ, 25 ਜੁਲਾਈ ਤੱਕ। ਬਾਕੀ ਦੋ ਮਹੀਨੇ ਇਤਰਾਜ਼ਾਂ ਦੇ ਨਿਪਟਾਰੇ ਅਤੇ ਕਮਿਸ਼ਨ ਦੇ ਆਪਣੇ ਕਾਗਜ਼ਾਤ ਲਈ ਹਨ। ਇਸ ਪਹਿਲੇ ਮਹੀਨੇ ਵਿੱਚ, ਚੋਣ ਕਮਿਸ਼ਨ ਉਮੀਦ ਕਰਦਾ ਹੈ ਕਿ ਸਾਰੇ ਬੂਥ ਪੱਧਰ ਦੇ ਅਧਿਕਾਰੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ (ਜਦੋਂ ਕਿ ਉਨ੍ਹਾਂ ਵਿੱਚੋਂ 20 ਹਜ਼ਾਰ ਨੂੰ ਅਜੇ ਨਿਯੁਕਤ ਵੀ ਨਹੀਂ ਕੀਤਾ ਗਿਆ ਹੈ), ਉਹ ਪਾਰਟੀਆਂ ਦੇ ਏਜੰਟਾਂ ਨੂੰ ਸਿਖਲਾਈ ਦੇਣਗੇ, ਨਵੇਂ ਫਾਰਮ ਹਰ ਘਰ ਵਿੱਚ ਪਹੁੰਚਾਏ ਜਾਣਗੇ, ਹਰ ਵਿਅਕਤੀ ਫਾਰਮ ਭਰੇਗਾ, ਲੋੜੀਂਦਾ ਸਰਟੀਫਿਕੇਟ ਨੱਥੀ ਕਰੇਗਾ, ਭਰੇ ਹੋਏ ਫਾਰਮ ਹਰ ਘਰ ਤੋਂ ਇਕੱਠੇ ਕੀਤੇ ਜਾਣਗੇ ਅਤੇ ਕੰਪਿਊਟਰ 'ਤੇ ਅਪਲੋਡ ਕਰਨ ਤੋਂ ਬਾਅਦ, ਉਨ੍ਹਾਂ ਦੀ ਤਸਦੀਕ ਵੀ ਸ਼ੁਰੂ ਹੋ ਜਾਵੇਗੀ! 25 ਜੁਲਾਈ ਤੱਕ ਜਿਸ ਵਿਅਕਤੀ ਦਾ ਫਾਰਮ ਜਮ੍ਹਾ ਨਹੀਂ ਕੀਤਾ ਜਾਂਦਾ, ਉਸਦਾ ਨਾਮ ਵੋਟਰ ਸੂਚੀ ਵਿੱਚ ਨਹੀਂ ਆਵੇਗਾ।

**ਨੌਵੀਂ ਮਿੱਥ**:ਇਸ ਸੋਧ ਨਾਲ ਬੰਗਲਾਦੇਸ਼ੀ ਘੁਸਪੈਠੀਆਂ ਦੀ ਸਮੱਸਿਆ ਖਤਮ ਹੋ ਜਾਵੇਗੀ

ਸੱਚ: ਨਹੀਂ। ਜੇਕਰ ਬਿਹਾਰ ਵਿੱਚ ਗੈਰ-ਕਾਨੂੰਨੀ ਵਿਦੇਸ਼ੀਆਂ ਦੀ ਸਮੱਸਿਆ ਹੈ, ਤਾਂ ਇਹ ਬੰਗਲਾਦੇਸ਼ ਤੋਂ ਆਏ ਮੁਸਲਮਾਨਾਂ ਦੀ ਨਹੀਂ ਸਗੋਂ ਤਰਾਈ ਦੇ ਨੇਪਾਲੀਆਂ ਦੀ ਹੈ, ਜੋ ਜ਼ਿਆਦਾਤਰ ਹਿੰਦੂ ਹਨ। ਇਹ ਸੰਭਵ ਹੈ ਕਿ ਵੋਟਰ ਸੂਚੀ ਵਿੱਚੋਂ ਕੁਝ ਹਜ਼ਾਰ ਬੰਗਲਾਦੇਸ਼ੀ ਨਾਗਰਿਕਾਂ ਅਤੇ ਹਜ਼ਾਰਾਂ ਨੇਪਾਲੀ ਨਾਗਰਿਕਾਂ ਦੇ ਨਾਮ ਹਟਾਏ ਜਾ ਸਕਦੇ ਹਨ। ਪਰ ਇਸ ਕਾਰਨ, ਲਗਭਗ 2.5 ਕਰੋੜ ਭਾਰਤੀ ਨਾਗਰਿਕਾਂ ਦੇ ਨਾਮ ਵੀ ਹਟਾਏ ਜਾਣ ਦੀ ਸੰਭਾਵਨਾ ਹੈ। ਕੋਈ ਮੱਖੀ ਮਾਰਨ ਲਈ ਹਥੌੜੇ ਦੀ ਵਰਤੋਂ ਨਹੀਂ ਕਰਦਾ।

ਅੰਤਮ ਸੱਚ: ਬਿਹਾਰ ਦੀ ਕੁੱਲ ਆਬਾਦੀ ਲਗਭਗ 13 ਕਰੋੜ ਹੈ। ਇਨ੍ਹਾਂ ਵਿੱਚੋਂ ਲਗਭਗ 8 ਕਰੋੜ ਬਾਲਗ ਹਨ ਜਿਨ੍ਹਾਂ ਦੇ ਨਾਮ ਵੋਟਰ ਸੂਚੀ ਵਿੱਚ ਹੋਣੇ ਚਾਹੀਦੇ ਹਨ। ਇਨ੍ਹਾਂ ਵਿੱਚੋਂ ਸਿਰਫ 3 ਕਰੋੜ ਲੋਕਾਂ ਦੇ ਨਾਮ 2003 ਦੀ ਵੋਟਰ ਸੂਚੀ ਵਿੱਚ ਸਨ। ਬਾਕੀ 5 ਕਰੋੜ ਲੋਕਾਂ ਨੂੰ ਆਪਣੀ ਨਾਗਰਿਕਤਾ ਦਾ ਸਬੂਤ ਇਕੱਠਾ ਕਰਨਾ ਪਵੇਗਾ।ਕਰੋੜਾ ਲੋਕਾਂ ਦਾ ਵੋਟ ਦਾ ਅਧਿਕਾਰ ਖਤਮ ਹੋ ਜਾਵੇਗਾ।

# ਯਮੁਨਾ ਦੇ ਪਾਣੀ ਦੀ ਗੁਣਵੱਤਾ ਵਿੱਚ ਗਿਰਾਵਟ

## ਬੈਕਟੀਰੀਆ ਦਾ ਪੱਧਰ ਨਿਰਧਾਰਤ ਸੀਮਾ ਤੋਂ 4,000 ਗੁਣਾ ਵੱਧ



ਨਵੀਂ ਦਿੱਲੀ: ਯਮੁਨਾ ਦੇ ਪਾਣੀ ਦਿਨੋ ਦਿਨ ਬਹੁਤ ਗੰਦਾਂ ਹੁੰਦਾ ਜਾ ਰਿਹਾ ਹੈ।ਰਿਪੋਰਟ ਦੇ ਅਨੁਸਾਰ, ਨਦੀ ਦੇ ਪਾਣੀ ਵਿੱਚ ਮਲ ਦੇ ਕੋਲੀਫਾਰਮ (ਇੱਕ ਕਿਸਮ ਦਾ ਬੈਕਟੀਰੀਆ ਜੋ ਮੁੱਖ ਤੌਰ 'ਤੇ ਅਣ-ਪ੍ਰਮਾਣਿਤ ਸੀਵਰੇਜ ਤੋਂ ਪੈਦਾ ਹੁੰਦਾ ਹੈ) ਦਾ ਪੱਧਰ ਸੁਰੱਖਿਅਤ ਸੀਮਾ ਤੋਂ 4,000 ਗੁਣਾ ਵੱਧ ਗਿਆ ਹੈ।

ਇਹ ਜ਼ਿਕਰਯੋਗ ਹੈ ਕਿ ਦਿੱਲੀ ਪ੍ਰਦੂਸ਼ਣ ਕੰਟਰੋਲ ਕਮੇਟੀ (ਡੀਪੀਸੀਸੀ) ਦੁਆਰਾ ਜਾਰੀ ਕੀਤੀ ਗਈ ਇੱਕ ਨਵੀਂ ਸਥਿਤੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਾਣੀ ਵਿੱਚ ਘੁਲਣਸ਼ੀਲ ਆਕਸੀਜਨ ਅਤੇ ਬਾਇਓਕੈਮੀਕਲ ਆਕਸੀਜਨ ਦੀ ਮੰਗ (ਪਾਣੀ ਦੀ ਗੁਣਵੱਤਾ ਦੇ ਦੋ ਹੋਰ ਮਹੱਤਵਪੂਰਨ ਮਾਪਦੰਡ) ਦਾ ਪੱਧਰ ਵੀ ਨਿਰਧਾਰਤ ਸੁਰੱਖਿਅਤ ਸੀਮਾ ਤੋਂ ਕਾਫ਼ੀ ਉੱਪਰ ਸੀ।ਇਹ ਜਾਣਿਆ ਜਾਂਦਾ ਹੈ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਦੇ ਨਿਰਦੇਸ਼ਾਂ ਅਨੁਸਾਰ, ਡੀਪੀਸੀਸੀ ਯਮੁਨਾ ਨਦੀ ਦੇ ਦਿੱਲੀ ਭਾਗ ਵਿੱਚ ਅੱਠ ਥਾਵਾਂ 'ਤੇ ਮਹੀਨਾਵਾਰ ਪਾਣੀ ਦੀ ਗੁਣਵੱਤਾ ਦੀਆਂ ਰਿਪੋਰਟਾਂ ਜਮ੍ਹਾਂ ਕਰਦਾ ਹੈ (ਇਹ ਨਦੀ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ 22 ਕਿਲੋਮੀਟਰ ਤੱਕ ਵਗਦੀ ਹੈ)।

ਇੰਡੀਅਨ ਐਕਸਪ੍ਰੈਸ ਦੀ ਇੱਕ ਰਿਪੋਰਟ ਦੇ ਅਨੁਸਾਰ, ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਦਿੱਲੀ ਵਿੱਚੋਂ ਵਗਦੀ ਯਮੁਨਾ ਨਦੀ ਵਿੱਚ ਮਲ ਕੋਲੀਫਾਰਮ ਦਾ ਪੱਧਰ ਤੇਜ਼ੀ ਨਾਲ ਵਧਿਆ ਹੈ।ਚੇਤੇ ਰਹੇ ਦਿੱਲੀ ਵਿੱਚ ਯਮੁਨਾ ਨਦੀ ਦਾ ਪਾਣੀ ਲੋਕ ਆਮ ਵਰਤੋਂ ਵਿੱਚ ਲਿਆਉਂਦੇ ਹਨ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

T 604 449 7500

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮਾਸਿਕ ਮਿਲਣੀ ਅਤੇ ਨਰਿੰਦਰ ਸਿੰਘ ਪੰਨੂ ਦਾ ਨਾਵਲ ਰਿਲੀਜ਼





ਸਰ੍ਹੀ (ਰੁਪਿੰਦਰ ਖਹਿਰਾ ਰੂਪੀ) ਬੀਤੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮਾਸਿਕ ਬੈਠਕ ਸੀਨੀਅਰ ਸਿਟੀਜਨ ਸੈਂਟਰ ਵਿਖੇ ਹੋਈ ਜਿਸ ਵਿੱਚ ਉੱਘੇ ਲੇਖਕ ਨਰਿੰਦਰ ਪੰਨੂੰ ਦਾ ਨਾਵਲ " ਦੀਪ ਦਾ ਮੀਤ" ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪ੍ਰਿਤਪਾਲ ਗਿੱਲ ਅਤੇ ਸਟੇਜ ਦਾ ਸੰਚਾਲਨ ਸਕਤੱਰ ਪਲਵਿੰਦਰ ਸਿੰਘ ਰੰਧਾਵਾ ਵੱਲੋਂ ਬਾਖੂਬੀ ਨਿਭਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ, ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਸੁਖਦੇਵ ਸਿੰਘ ਧੂਰੀ, ਨਰਿੰਦਰ ਸਿੰਘ ਪੰਨੂ, ਐਮ .ਐਲ. ਏ . ਜੈਸੀ ਸੂਨੜ (ਮਨਿਸਟਰ ਔਫ ਪੋਸਟ ਸੈਕੰਡਰੀ ਐਜੁਕੇਸ਼ਨ ਐਂਡ ਫਊਚਰ ਸਕਿਲਸ), ਹੈਰੀ ਬੈਂਸ ਸਾਬਕਾ ਮਨਿਸਟਰ ਸਟੇਜ ਤੇ ਸੁਸ਼ੋਭਿਤ ਹੋਏ ।ਸ਼ੋਕ ਮਤੇ ਵਿੱਚ ,ਗੀਤਕਾਰ ਖੁਸ਼ਹਾਲ ਸਿੰਘ ਘਲੋਟੀ ਸੰਧੂ ਜੋ ਕਿ ਪਿਛਲੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ ਸਭਾ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ ।ਉਹ ਲੰਮੇ ਸਮੇਂ ਤੋਂ ਸਭਾ ਦੇ ਮੈਂਬਰ ਸਨ।

ਉਪਰੰਤ ਪ੍ਰਿਤਪਾਲ ਗਿੱਲ, ਡਾ: ਗੁਰਮਿੰਦਰ ਕੌਰ ਸਿੱਧੂ, ਹਰਸ਼ਰਨ ਕੌਰ ਵੱਲੋਂ ਲੇਖਕ ਦੀ ਪੁਸਤਕ ਬਾਰੇ ਸੰਖੇਪ ਸਹਿਤ ਪਰਚੇ ਪੜ੍ਹੇ ਗਏ।ਪ੍ਰਧਾਨਗੀ ਮੰਡਲ, ਬੋਰਡ ਮੈਂਬਰ ਅਤੇ ਖੱਚਾ ਖੱਚ ਭਰੇ ਹਾਲ ਵਿੱਚ ਤਾੜੀਆਂ ਦੀ ਗੂੰਜ ਨਾਲ ਲੇਖਕ ਨਰਿੰਦਰ ਪੰਨੂ ਦਾ ਨਾਵਲ "ਦੀਪ ਦਾ ਮੀਤ" ਲੋਕ ਅਰਪਣ ਕੀਤਾ ਗਿਆ।

ਲੇਖਕ ਵੱਲੋਂ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ।ਸਭਾ ਵੱਲੋਂ ਲੇਖਕ ਨੂੰ ਸਨਮਾਨਿਤ ਕੀਤਾ ਗਿਆ, ਪ੍ਰੋ: ਕਸ਼ਮੀਰਾ ਸਿੰਘ , ਅਮਰੀਕ ਪਲਾਹੀ, ਇੰਦਰਜੀਤ ਧਾਮੀ ਅਤੇ ਜਿਨ੍ਹਾਂ ਨੇ ਪਰਚੇ ਪੜ੍ਹੇ ਹਨ ਖਾਸ ਤੌਰ ਤੇ ਸ਼ਾਮਿਲ ਹੋਏ । ਲੇਖਕ ਗੁਰਪ੍ਰੀਤ ਸਿੰਘ ਕਾਲਸਾ ਦੀ ਪੁਸਤਕ ".ਤੇਰੇ ਤੇ ਕੁਰਬਾਨ" ਵੀ ਰਿਲੀਜ਼ ਕੀਤੀ ਗਈ।

ਇਸ ਪੁਸਤਕ ਬਾਰੇ ਪ੍ਰੋ: ਹਰਿੰਦਰ ਕੌਰ ਸੋਹੀ ਅਤੇ ਡਾ: ਪ੍ਰਿਥੀਪਾਲ ਸੋਹੀ ਵੱਲੋਂ ਵਿਸਥਾਰ ਸਹਿਤ ਪਰਚੇ ਪੜ੍ਹੇ ਗਏ।

ਇਸ ਮੌਕੇ ਬੁਲਾਰਿਆਂ ਵੱਲੋਂ ਵਿਚਾਰ ਅਤੇ ਕਵੀ ਦਰਬਾਰ ਵਿੱਚ ਸਭਾ ਦੇ ਲੇਖਕ, ਸਥਾਨਕ ਕਵੀਆਂ ਤੇ ਆਏ ਮਹਿਮਾਨਾਂ ਵੱਲੋਂ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਗਈਆਂ ।ਅੰਤ ਵਿੱਚ ਆਪਣੇ ਪ੍ਰਭਾਵਸ਼ਾਲੀ ਪ੍ਰਧਾਨਗੀ ਭਾਸ਼ਨ ਨਾਲ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਸਮਾਗਮ ਨੂੰ ਸਮੇਟਿਆ ਗਿਆ।





A-CLASS Appliance Rep.
*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)
Off: 604-543-6239
#103-12465-82Ave Surrey, BC

A-CLASS Electric Ltd.
*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom
FREE ESTIMATES
Cell: 604-351-2538
Tel:604-596-5474
CLASS "A" CERTIFIED & LICENCED ELECTRICIANS



MANJIT

DAWN RENOVATION
Commercial & Residential
ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ
Certified Electrician, Builder, Construction & Development
ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।
ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ
604-716-3534 / 778-881-0236
daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ
ਲੱਖੀ ਰੈਨੋਵੇਸ਼ਨ
• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ
15 ਸਾਲਾ ਦਾ ਤਜ਼ਰਬਾ
ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ
ਅਸੀਂ ਤਸੱਲੀਬਖ਼ਸ਼ ਕੰਮ ਕਰਦੇ ਹਾਂ
ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship
Mandeep Dhaliwal
(Certified Electrician)
778-994-7207
Email:stormelectricltd@gmail.com

Up-To-Date Finishing
ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ
We are specialized in Custom Wood Working:
Residential & Commercial Renovations
•Doors
•Mouldings
•Fire Place
•Base Board
•Hardy Plank
•Wood Floor




Sanjeev Dhir 778.320.9413
sanjeevkumarsk52@gmail.com

# ਪੰਜਾਬ ਦੀ ਗਾਲ੍ਹਾਂ ਦੀ ਵਿਰਾਸਤ ਦਿੱਲੀ ਨੇ ਖੋਹੀ:ਸਰਵੇ ਮੁਤਾਬਿਕ ਗਾਲ੍ਹਾਂ ਕੱਢਣ ਵਿੱਚ ਦਿੱਲੀ ਪਹਿਲੇ, ਪੰਜਾਬ ਦੂਜੇ ਨੰਬਰ 'ਤੇ

ਬਠਿੰਡਾ:(ਅਨਿਲ ਵਰਮਾ): ਵਿਸ਼ਵ ਭਰ 'ਚ ਬੋਲਣ ਦੇ ਮਾਮਲੇ ਸ਼ਾਲੀਨਤਾ ਵਰਤਣਾ ਅਤੇ ਮਿੱਠਾ ਬੋਲਣ ਵਾਲੇ ਨੂੰ ਸੱਭਿਅਕ ਮੰਨਿਆ ਜਾਂਦਾ ਹੈ ਪਰ ਇੱਕ ਹਕੀਕਤ ਇਹ ਵੀ ਹੈ ਕਿ ਬਦਲੇ ਹਾਲਾਤਾਂ ਕਾਰਨ ਬੋਲਬਾਣੀ 'ਚ ਵਿਗਾੜ ਮਨੁੱਖੀ ਸੁਭਾਅ ਦਾ ਇੱਕ ਅਨਿੱਖੜਵਾਂ ਅੰਗ ਬਣਦਾ ਜਾ ਰਿਹਾ ਹੈ ਜਿਸ ਵਿੱਚ ਗਾਲ੍ਹਾਂ ਕੱਢਣਾ ਵੀ ਸ਼ਾਮਲ ਹੈ। ਇੱਕ ਸਰਵੇਖਣ ਦੀ ਰਿਪੋਰਟ ਦੌਰਾਨ ਖੁਲਾਸਾ ਹੋਇਆ ਹੈ ਕਿ ਦਿੱਲੀ ਦੇ ਲੋਕ ਸਭ ਤੋਂ ਵੱਧ ਗਾਲ੍ਹਾਂ ਕੱਢਦੇ ਹਨ ਜਦੋਂਕਿ ਪੰਜਾਬ ਦਾ ਇਸ ਮਾਮਲੇ 'ਚ ਦੂਸਰਾ ਸਥਾਨ ਹੈ। ਸੈਲਫੀ ਵਿਦ ਡਾਟਰ ਫਾਊਂਡੇਸ਼ਨ ਦੇ ਸੰਸਥਾਪਕ ਤੇ ਮਹਾਂਰਿਸ਼ੀ ਦਯਾਨੰਦ ਯੂਨੀਵਰਸਿਟੀ ਦੇ ਪ੍ਰੋਫੈਸਰ ਆਫ਼ ਪ੍ਰੈਕਟਿਸ ਡਾ. ਸੁਨੀਲ ਜਗਲਾਨ ਨੇ ਗਾਲ੍ਹਾਂ ਬੰਦ ਕਰਵਾਉਣ ਮੁਹਿੰਮ ਚਲਾਈ ਹੈ ਜਿਸ ਤਹਿਤ ਇਹ ਸਰਵੇਖਣ ਕੀਤਾ ਸੀ। ਤਕਰੀਬਨ 11 ਸਾਲ ਤੱਕ ਜਾਰੀ ਰਹੇ ਇਸ ਸਰਵੇਖਣ ਵਿੱਚ ਵੱਖ ਵੱਖ ਵਰਗਾਂ ਨਾਲ ਸਬੰਧ ਰੱਖਣ ਵਾਲੇ ਲਗਭਗ 70 -ਹਜ਼ਾਰ ਲੋਕ ਸ਼ਾਮਲ ਕਰਕੇ ਸਵਾਲ ਕੀਤੇ ਗਏ ਸਨ। ਇੰਨ੍ਹਾਂ ਲੋਕਾਂ ਵਿੱਚ ਨੌਜਵਾਨ, ਮਾਪੇ, ਅਧਿਆਪਕ, ਡਾਕਟਰ, ਆਟੋ ਡਰਾਈਵਰ, ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ, ਪੁਲਿਸ ਕਰਮਚਾਰੀ, ਵਕੀਲ, ਕਾਰੋਬਾਰੀ, ਸਫਾਈ ਕਰਮਚਾਰੀ, ਪ੍ਰੋਫੈਸਰ ਅਤੇ ਪੰਚਾਇਤਾਂ ਦੇ ਪ੍ਰਤੀਨਿਧ ਸ਼ਾਮਲ ਸਨ। ਸਰਵੇਖਣ ਦੌਰਾਨ ਸਾਹਮਣੇ ਆਏ ਤੱਥਾਂ ਅਨੁਸਾਰ, ਦਿੱਲੀ ਦੇ 80 ਪ੍ਰਤੀਸ਼ਤ ਲੋਕਾਂ ਵੱਲੋਂ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ । ਰਿਪੋਰਟ ਮੁਤਾਬਕ ਦਿੱਲੀ ਦੇਸ਼ ਦੇ ਇੱਕ ਅਜਿਹੇ ਸੂਬੇ ਵਜੋਂ ਸਾਹਮਣੇ ਆਈ ਹੈ ਜਿੱਥੇ ਗਾਲ੍ਹਾਂ ਕੱਢਣ ਦੀ ਪ੍ਰਵਿਰਤੀ ਸਭ ਤੋਂ ਵੱਧ ਪਾਈ ਗਈ ਹੈ। ਸਰਵੇਖਣ ਤੋਂ ਪਤਾ ਲੱਗਾ ਹੈ ਕਿ ਗਾਲ੍ਹਾਂ ਕੱਢਣਾ ਦਿੱਲੀ ਦੇ ਲੋਕਾਂ ਦੀ ਇੱਕ ਤਰਾਂ ਨਾਲ ਆਦਤ ਜਿਹੀ ਬਣ ਗਈ ਹੈ ਅਤੇ ਉਹ ਹਰ ਛੋਟੀ ਮੋਟੀ ਗੱਲ ਤੇ ਗਾਲ੍ਹਾਂ ਕੱਢਦੇ ਰਹਿੰਦੇ ਹਨ। ਸਿਰਫ ਪੁਰਸ਼ ਹੀ ਨਹੀਂ ਬਲਕਿ ਔਰਤਾਂ ਅਤੇ ਕੁੜੀਆਂ ਖੁਦ ਵੀ ਮਾਂ,ਧੀ ਅਤੇ ਭੈਣਾਂ ਲਈ ਗਾਲ੍ਹਾਂ ਵਰਗੇ ਇਤਰਾਜ਼ਯੋਗ ਸ਼ਬਦ ਵਰਤਦੀਆਂ ਹਨ। ਰਿਪੋਰਟ ਮੁਤਾਬਕ ਇਸ ਮਾਮਲੇ 'ਚ ਪੰਜਾਬ ਦਾ ਦੂਜਾ ਨੰਬਰ ਹੈ ਜਿੱਥੇ 78 ਪ੍ਰਤੀਸ਼ਤ ਲੋਕ ਗਾਲ੍ਹਾਂ ਕੱਢਦੇ ਹਨ। ਸਰਵੇਖਣ ਰਿਪੋਰਟ 'ਚ ਗਾਲ੍ਹਾਂ ਕੱਢਣ ਦੇ ਅੰਕੜਿਆਂ ਵਿੱਚ ਬਿਹਾਰ ਅਤੇ ਉੱਤਰ ਪ੍ਰਦੇਸ਼ ਦੀ ਸਥਿਤੀ ਇੱਕੋ ਜਿਹੀ ਹੈ ਜਿੱਥੇ ਇਹ ਅੰਕੜਾ 74 ਪ੍ਰਤੀਸ਼ਤ ਸਾਹਮਣੇ ਆਇਆ ਹੈ।ਰਿਪੋਰਟ ਮੁਤਾਬਕ ਰਾਜਸਥਾਨ ਦੇ 68 ਫੀਸਦੀ ਲੋਕਾਂ ਵੱਲੋਂ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ ਜਦੋਂਕਿ ਹਰਿਆਣਾ ਵਿੱਚ 62 ਫੀਸਦੀ, ਮਹਾਂਰਾਸ਼ਟਰ ਦੇ 58 ਪ੍ਰਤੀਸ਼ਤ, ਗੁਜਰਾਤ ਦੇ 55 ਫੀਸਦੀ ਲੋਕ, ਉਤਰਾਖੰਡ ਦੇ 45 ਫੀਸਦੀ ਅਤੇ ਕਸ਼ਮੀਰ ਦੇ 15 ਫੀਸਦੀ ਲੋਕਾਂ 'ਚ ਗਾਲੀ ਗਲੋਚ ਯਾਨੀਕਿ ਬੇਹੱਦ ਗੰਦੀ ਭਾਸ਼ਾ ਵਰਤੋਂ ਕਰਨ ਦੀ ਆਦਤ ਹੈ। ਰਿਪੋਰਟ ਦੌਰਾਨ ਉੱਤਰੀ ਪੂਰਬੀ ਸੂਬਿਆਂ ਸਮੇਤ ਹੋਰ ਵੀ ਕਈ ਰਾਜਾਂ 'ਚ ਇਹ ਸਿਲਸਿਲਾ 20 ਤੋਂ 30 ਫੀਸਦੀ ਲੋਕਾਂ ਵਿੱਚ ਪਾਇਆ ਗਿਆ ਹੈ।ਸਰਵੇਖਣ ਰਿਪੋਰਟ ਦੌਰਾਨ ਇਹ ਤੱਥ ਵੀ ਉੱਭਰੇ ਹਨ ਕਿ 30 ਪ੍ਰਤੀਸ਼ਤ ਔਰਤਾਂ ਅਤੇ ਕੁੜੀਆਂ ਗਾਲ੍ਹਾਂ ਕੱਢਦੀਆਂ ਹਨ। ਰਿਪੋਰਟ ਅਨੁਸਾਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਲੜਕੀਆਂ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਗਾਲ੍ਹਾਂ ਕੱਢਣਾ ਆਮ ਗੱਲ ਬਣੀ ਹੋਈ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਜੋ ਤੁਹਾਨੂੰ ਹੈਰਾਨ ਵੀ ਕਰੇਗਾ ਕਿ ਜੇ ਕੋਈ ਤੁਹਾਨੂੰ ਕਹੇ ਕਿ ਗਾਲ੍ਹਾਂ ਕੱਢਣੀਆਂ ਸਿਹਤ ਲਈ 'ਚੰਗੀ ਗੱਲ' ਹੈ ਤਾਂ ਸ਼ਾਇਦ ਅਜੀਬ ਲੱਗੇਗਾ ਪਰ ਇੱਕ ਖੋਜ ਅਨੁਸਾਰ ਇਸਨੂੰ ਚੰਗੀ ਗੱਲ ਦੱਸਿਆ ਗਿਆ ਹੈ। ਨਿਊਜਰਸੀ ਦੀ ਕੀਨ ਯੂਨੀਵਰਸਿਟੀ ਵਿੱਚ ਕੀਤੀ ਇੱਕ ਖੋਜ ਅਨੁਸਾਰ ਗਾਲ੍ਹਾਂ ਕੱਢਣ ਕਰਕੇ ਸਮੱਸਿਆਵਾਂ ਨਾਲ ਲੜਨ ਦੀ ਸਮਰੱਥਾ ਵਧਦੀ ਹੈ। ਯੂਨੀਵਰਸਿਟੀ ਨੇ ਕੁੱਝ ਵਿਦਿਆਰਥੀਆਂ 'ਤੇ ਖੋਜ ਕੀਤੀ ਸੀ ਜੋ ਇਕ ਦੂਜੇ ਨੂੰ ਗਾਲ੍ਹਾਂ ਕੱਢਦੇ ਸਨ। ਖੋਜਕਰਤਾਵਾਂ ਨੇ ਅਜਿਹੇ ਵਿਦਿਆਰਥੀਆਂ ਦੇ ਹੱਥ ਬੇਹੱਦ ਠੰਡੇ ਪਾਣੀ ਵਿੱਚ ਪਾਏ ਸਨ। ਇੰਨ੍ਹਾਂ ਚੋਂ ਗਾਲ੍ਹਾਂ ਕੱਢਣ ਵਾਲੇ ਵਿਦਿਆਰਥੀ ਆਪਣੇ ਹੱਥ ਲੰਬਾ ਸਮਾਂ ਪਾਣੀ ਵਿੱਚ ਰੱਖਣ 'ਚ ਸਫਲ ਰਹੇ ਜਦੋਂਕਿ ਸ਼ਾਂਤ ਵਿਦਿਆਰਥੀਆਂ ਨੇ ਜਲਦੀ ਹੀ ਆਪਣੇ ਹੱਥ ਪਾਣੀ ਚੋਂ ਬਾਹਰ ਕੱਢ ਲਏ। ਜਾਣਕਾਰੀ ਅਨੁਸਾਰ ਕਈ ਦੇਸ਼ਾਂ ਵਿੱਚ ਲੋਕਾਂ ਨੂੰ ਜਿੰਮ ਜਾਂ ਯੋਗਾ ਕਲਾਸਾਂ ਦੌਰਾਨ ਆਪਣਾ ਗੁੱਸਾ ਕੱਢਣ ਲਈ ਕਿਹਾ ਜਾਂਦਾ ਹੈ ਜਿੱਥੇ ਕਸਰਤ ਦੇ ਨਾਲ-ਨਾਲ ਲੋਕ ਗਾਲ੍ਹਾਂ ਵੀ ਕੱਢਦੇ ਹਨ।





HOME IMPROVEMENT

SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।
ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
604-729-3225
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ

Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਚੀਨ ਨੇ ਦੁਨੀਆ ਦੇ ਸਭ ਤੋਂ ਵੱਡੇ ਡੈਮ ਦੀ ਕਰ ਦਿੱਤੀ ਉਸਾਰੀ ਸ਼ੁਰੂ

ਤਿੱਬਤ:-ਚੀਨੀ ਅਧਿਕਾਰੀਆਂ ਨੇ ਤਿੱਬਤੀ ਖੇਤਰ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਪਣ-ਬਿਜਲੀ ਡੈਮ ਦੀ ਉਸਾਰੀ ਸ਼ੁਰੂ ਕਰ ਦਿੱਤੀ ਹੈ, ਜਿਸ ਨਾਲ ਭਾਰਤ ਅਤੇ ਬੰਗਲਾਦੇਸ਼ ਦੀਆਂ ਚਿੰਤਾਵਾਂ ਵਧ ਗਈਆਂ ਹਨ।ਸਥਾਨਕ ਮੀਡੀਆ ਦੇ ਅਨੁਸਾਰ, ਚੀਨੀ ਪ੍ਰਧਾਨ ਮੰਤਰੀ ਲੀ ਕਿਆਂਗ ਨੇ ਸ਼ਨੀਵਾਰ ਨੂੰ ਯਾਰਲੁੰਗ ਸਾਂਗਪੋ ਨਦੀ ‘ਤੇ ਉਸਾਰੀ ਦੀ ਸ਼ੁਰੂਆਤ ਦੇ ਮੌਕੇ ‘ਤੇ ਇੱਕ ਸਮਾਰੋਹ ਦੀ ਪ੍ਰਧਾਨਗੀ ਕੀਤੀ। ਇਹ ਨਦੀ ਤਿੱਬਤੀ ਪਠਾਰ ਦੇ ਨਾਲ-ਨਾਲ ਕਈ ਦੱਖਣੀ ਏਸ਼ੀਆਈ ਦੇਸ਼ਾਂ ਵਿੱਚੋਂ ਵਗਦੀ ਹੈ। ਇਸ ਪ੍ਰੋਜੈਕਟ ਨੇ ਲੱਖਾਂ ਭਾਰਤੀਆਂ ਅਤੇ ਬੰਗਲਾਦੇਸ਼ੀਆਂ ਦੇ ਨਾਲ-ਨਾਲ ਆਲੇ ਦੁਆਲੇ ਦੇ ਵਾਤਾਵਰਣ ਅਤੇ ਸਥਾਨਕ ਤਿੱਬਤੀਆਂ ‘ਤੇ ਇਸਦੇ ਸੰਭਾਵੀ ਪ੍ਰਭਾਵ ਲਈ ਆਲੋਚਨਾ ਕੀਤੀ ਹੈ।ਬੀਜਿੰਗ ਨੇ ਕਿਹਾ ਹੈ ਕਿ ਵਿਕਾਸ ਵਾਤਾਵਰਣ ਸੁਰੱਖਿਆ ਨੂੰ ਤਰਜੀਹ ਦੇਵੇਗਾ ਅਤੇ ਸਥਾਨਕ ਖੁਸ਼ਹਾਲੀ ਨੂੰ ਵਧਾਏਗਾ।ਜਦੋਂ ਇਹ ਪ੍ਰੋਜੈਕਟ ਪੂਰਾ ਹੋ ਜਾਵੇਗਾ, ਤਾਂ 12 ਬਿਲੀਅਨ ਯੁਆਨ ($1.67 ਬਿਲੀਅਨ; £1.25 ਬਿਲੀਅਨ) ਦਾ ਪ੍ਰੋਜੈਕਟ - ਜਿਸਨੂੰ ਮੋਟੂਓ ਹਾਈਡ੍ਰੋਪਾਵਰ ਸਟੇਸ਼ਨ ਵੀ ਕਿਹਾ ਜਾਂਦਾ ਹੈ - ਦੁਨੀਆ ਦੇ ਸਭ ਤੋਂ ਵੱਡੇ ਡੈਮ ਵਜੋਂ ਥ੍ਰੀ ਗੋਰਜਸ ਡੈਮ ਨੂੰ ਪਛਾੜ ਦੇਵੇਗਾ, ਅਤੇ ਤਿੰਨ ਗੁਣਾ ਜ਼ਿਆਦਾ ਊਰਜਾ ਪੈਦਾ ਕਰ ਸਕਦਾ ਹੈ। ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਚਿੰਤਾ ਪ੍ਰਗਟ ਕੀਤੀ ਕਿ ਡੈਮ ਪੂਰਾ ਹੋਣ ਤੋਂ ਬਾਅਦ ਸਿਆਂਗ ਅਤੇ ਬ੍ਰਹਮਪੁੱਤਰ “ਕਾਫ਼ੀ ਸੁੱਕ” ਸਕਦੇ ਹਨ।ਉਸਨੇ ਅੱਗੇ ਕਿਹਾ ਕਿ ਇਹ ਡੈਮ “ਸਾਡੇ ਕਬੀਲਿਆਂ ਅਤੇ ਸਾਡੀ ਰੋਜ਼ੀ-ਰੋਟੀ ਲਈ ਇੱਕ ਹੋਂਦ ਦਾ ਖ਼ਤਰਾ ਪੈਦਾ ਕਰਨ ਜਾ ਰਿਹਾ ਹੈ। ਇਹ ਕਾਫ਼ੀ ਗੰਭੀਰ ਹੈ ਕਿਉਂਕਿ ਚੀਨ ਇਸਨੂੰ ਇੱਕ ਤਰ੍ਹਾਂ ਦੇ ‘ਵਾਟਰ ਬੰਬ’ ਵਜੋਂ ਵੀ ਵਰਤ ਸਕਦਾ ਹੈ”।











ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1650
2 PCS SOFA & LOVE SEAT $1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


GE
+91 77175-02848
+91 98146-12006
+91 99882-68982
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ
*24 ਘੰਟੇ ਸਰਵਿਸ
WE OFFER VARIETY OF CARS OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES